ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 17/09 ਸਤੰਬਰ 2016 – ਨਾਨਕਸ਼ਾਹੀ ਭਾਦੋਂ-ਅੱਸੂ ੫੪੮

## ਇਤਿਹਾਸਿਕ ਦਿਹਾੜੇ

### ਸਤੰਬਰ ਅਤੇ ਅਕਤੂਬਰ 2016

| | |
|---|---|
| ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 18 ਭਾਦੋਂ (02-09-16) |
| ਗੁਰਗੱਦੀ ਸ੍ਰੀ ਗੁਰੂ ਅਰਜਨ ਦੇਵ ਜੀ | 19 ਭਾਦੋਂ (03-09-16) |
| ਜੋਤੀ-ਜੋਤਿ ਸ੍ਰੀ ਗੁਰੂ ਰਾਮਦਾਸ ਜੀ | 20 ਭਾਦੋਂ (04-09-16) |
| ਗੁਰਗੱਦੀ ਸ੍ਰੀ ਗੁਰੂ ਰਾਮਦਾਸ ਜੀ | 30 ਭਾਦੋਂ (14-09-16) |
| ਜੋਤੀ-ਜੋਤਿ ਸ੍ਰੀ ਗੁਰੂ ਅਮਰਦਾਸ ਜੀ | 1 ਅੱਸੂ (16-09-16) |
| ਗੁਰਗੱਦੀ ਸ੍ਰੀ ਗੁਰੂ ਅੰਗਦ ਦੇਵ ਜੀ | 6 ਅੱਸੂ (21-09-16) |
| ਜੋਤੀ-ਜੋਤਿ ਸ੍ਰੀ ਗੁਰੂ ਨਾਨਕ ਦੇਵ ਜੀ | 10 ਅੱਸੂ (25-09-16) |
| ਪ੍ਰਕਾਸ਼ ਸ੍ਰੀ ਗੁਰੂ ਰਾਮਦਾਸ ਜੀ | 2 ਕੱਤਕ (17-10-16) |
| ਜਨਮ ਬਾਬਾ ਬੁੱਢਾ ਜੀ (ਕੱਥੂਨੰਗਲ) | 7 ਕੱਤਕ (22-10-16) |
| ਜੋਤੀ-ਜੋਤਿ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 9 ਕੱਤਕ (24-10-16) |
| ਗੁਰਗੱਦੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 9 ਕੱਤਕ (24-10-16) |
| ਸਾਕਾ ਪੰਜਾ ਸਾਹਿਬ | 14 ਕੱਤਕ (29-10-16) |
| ਬੰਦੀ ਛੋੜ ਦਿਵਸ (ਦੀਵਾਲੀ) | 15 ਕੱਤਕ (30-10-16) |

www.gurmatparsar.com

GPSS

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,

ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438

Join us at Facebook or mail at : gurmatparsar7@gmail.com

# ਅਸੁਨਿ ਪ੍ਰੇਮ ਉਮਾਹੜਾ .........॥ (ਜੀਵਨ - ਜੁਗਤਿ)

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥
ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ ॥
ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥
ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥
ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥
ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥
ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ ॥
ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥
ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥੮॥

ਮਾਝ ਬਾਰਹਮਾਹਾ (ਮਃ ੫) – ਅੰਗ ੧੩੫

ਪਦ ਅਰਥ :- ਅਸੁਨਿ–ਅੱਸੂ ਵਿਚ । ਉਮਾਹੜਾ–ਉਛਾਲਾ । ਜਾਇ–ਜਾ ਕੇ । ਕਿਉਂ–ਕਿਵੇਂ ? ਕਿਸੇ ਨ ਕਿਸੇ ਤਰ੍ਹਾਂ । ਮਨਿ –ਮਨ ਵਿਚ । ਤਨਿ–ਸਰੀਰ ਵਿਚ । ਘਣੀ–ਬਹੁਤ । ਆਣਿ–ਲਿਆ ਕੇ । ਮਾਇ–ਹੇ ਮਾਂ ! ਹਉ–ਮੈਂ ! ਤਿਨ ਕੈ ਪਾਇ- ਉਹਨਾਂ ਦੀ ਚਰਨੀਂ । ਜਾਇ–ਥਾਂ । ਰਸੁ–ਸੁਆਦ, ਆਨੰਦ । ਰਹੇ ਆਘਾਇ–ਰੱਜ ਗਏ, ਤ੍ਰਿਸਨਾ ਪੋਹ ਨਹੀਂ ਸਕਦੀ । ਆਪੁ–ਆਪਾ–ਭਾਵ । ਲੜਿ–ਲੜ ਵਿਚ, ਪੱਲੇ । ਕੰਤਿ–ਕੰਤ ਨੇ । ਕਤਹਿ–ਕਿਸੇ ਹੋਰ ਥਾਂ । ਮਇਆ–ਮਿਹਰ ।

ਅਰਥ:- ਹੇ ਮਾਂ ! (ਭਾਦਰੋਂ ਦੇ ਘੁੰਮੇ ਤੇ ਤ੍ਰਾਟਕੇ ਲੰਘਣ ਪਿਛੋਂ) ਅੱਸੂ (ਦੀ ਮਿੱਠੀ ਮਿੱਠੀ ਰੁੱਤ) ਵਿਚ (ਮੇਰੇ ਅੰਦਰ ਪ੍ਰਭੂ–ਪਤੀ ਦੇ) ਪਿਆਰ ਦਾ ਉਛਾਲਾ ਆ ਰਿਹਾ ਹੈ (ਮਨ ਤੜਫਦਾ ਹੈ ਕਿ) ਕਿਸੇ ਨਾ ਕਿਸੇ ਤਰ੍ਹਾਂ ਚੱਲ ਕੇ ਪ੍ਰਭੂ–ਪਤੀ ਨੂੰ ਮਿਲਾਂ । ਮੇਰੇ ਮਨ ਵਿਚ ਮੇਰੇ ਤਨ ਵਿਚ ਪ੍ਰਭੂ ਦੇ ਦਰਸ਼ਨ ਦੀ ਬੜੀ ਪਿਆਸ ਲੱਗੀ ਹੋਈ ਹੈ (ਚਿੱਤ ਲੋਚਦਾ ਹੈ ਕਿ) ਕੋਈ (ਉਸ ਪਤੀ ਨੂੰ) ਲਿਆ ਕੇ ਮੇਲ ਕਰਾ ਦੇਵੇ । (ਇਹ ਸੁਣ ਕੇ ਕਿ) ਸੰਤ ਜਨ ਪ੍ਰੇਮ ਵਧਾਣ ਵਿਚ ਸਹੈਤਾ ਕਰਿਆ ਕਰਦੇ ਹਨ, ਮੈਂ ਉਹਨਾਂ ਦੀ ਚਰਨੀਂ ਲੱਗੀ ਹਾਂ । (ਹੇ ਮਾਂ !) ਪ੍ਰਭੂ ਤੋਂ ਬਿਨਾ ਸੁਖ ਆਨੰਦ ਨਹੀਂ ਮਿਲ ਸਕਦਾ (ਕਿਉਂਕਿ ਸੁਖ–ਆਨੰਦ ਦੀ) ਹੋਰ ਕੋਈ ਥਾਂ ਹੀ ਨਹੀਂ ।

ਜਿੰਨ੍ਹਾਂ (ਵਡ–ਭਾਗੀਆਂ) ਨੇ ਪ੍ਰਭੂ–ਪਿਆਰ ਦਾ ਸੁਆਦ (ਇਕ ਵਾਰੀ) ਚੱਖ ਲਿਆ ਹੈ (ਉਹਨਾਂ ਨੂੰ ਮਾਇਆ ਦੇ ਸੁਆਦ ਭੁੱਲ ਜਾਂਦੇ ਹਨ, ਮਾਇਆ ਵਲੋਂ) ਉਹ ਰੱਜ ਜਾਂਦੇ ਹਨ, ਆਪਾ–ਭਾਵ ਛੱਡ ਕ ਉਹ ਸਦਾ ਅਰਦਾਸਾਂ ਕਰਦੇ ਰਹਿੰਦੇ ਹਨ– ਹੇ ਪ੍ਰਭੂ ! ਸਾਨੂੰ ਆਪਣੇ ਲੜ ਲਾਈ ਰੱਖ ।

ਜਿਸ ਜੀਵ ਇਸਤ੍ਰੀ ਨੂੰ ਪ੍ਰਭੂ ਖਸਮ ਨੇ ਆਪਣੇ ਨਾਲ ਮਿਲਾ ਲਿਆ ਹੈ, ਉਹ (ਉਸ ਮਿਲਾਪ ਵਿਚੋਂ) ਵਿਛੁੱੜ ਕੇ ਹੋਰ ਕਿਸੇ ਥਾਂ ਨਹੀਂ ਜਾਂਦੀ, (ਕਿਉਂਕਿ) ਹੇ ਨਾਨਕ (ਉਸ ਨੂੰ ਨਿਸ਼ਚਾ ਆ ਜਾਂਦਾ ਹੈ ਕਿ ਸਦੀਵੀ ਸੁਖ ਵਾਸਤੇ) ਪ੍ਰਭੂ ਦੀ ਸਰਨ ਤੋਂ ਬਿਨਾ ਹੋਰ ਕੋਈ ਥਾਂ ਨਹੀਂ ਹੈ । ਉਹ ਸਦਾ ਪ੍ਰਭੂ ਦੀ ਸਰਨ ਪਈ ਰਹਿੰਦੀ ਹੈ ।

ਅੱਸੂ (ਦੀ ਮਿੱਠੀ ਮਿੱਠੀ ਰੁੱਤ) ਵਿਚ ਉਹ ਜੀਵ ਇਸਤ੍ਰੀਆਂ ਸੁਖ ਵਿਚ ਵੱਸਦੀਆਂ ਹਨ, ਜਿੰਨ੍ਹਾਂ ਉੱਤੇ ਪਰਮਾਤਮਾ ਦੀ ਕਿਰਪਾ ਹੁੰਦੀ ਹੈ । ੮ ।

ਪ੍ਰਿੰ: ਹਰਿਭਜਨ ਸਿੰਘ

ਵੈਸੇ ਤਾਂ ਮਨੁੱਖ ਨੂੰ ਜੀਵਨ-ਨਿਰਬਾਹ ਲਈ ਸਦਾ ਹੀ ਏਕੇ, ਮਿਲ-ਬੈਠਣ, ਖ਼ਿਮਾ, ਰਵਾਦਾਰੀ ਤੇ ਸਹਿਨਸ਼ੀਲਤਾ ਦੀ ਲੋੜ ਰਹੀ ਹੈ; ਪਰੰਤੂ, ਜਿਤਨੀ ਲੋੜ ਖ਼ਿਮਾ, ਇਨਸਾਨੀ-ਬਰਾਦਰੀ ਦੇ ਇਨ੍ਹਾਂ ਦੈਵੀ ਗੁਣਾਂ ਦੀ ਅਜੋਕੇ ਵਿਗਿਆਨਕ ਜੁਗ ਵਿੱਚ ਪ੍ਰਤੀਤ ਹੋ ਰਹੀ ਹੈ, ਸ਼ਾਇਦ ਹੀ ਪਹਿਲਾਂ ਕਦੀ ਭਾਸੀ ਹੋਵੇ । ਅਜੋਕੀ ਬੋਲੀ ਵਿੱਚ ਇਹਨਾਂ ਗੁਣਾਂ ਨੂੰ ਵਿਸ਼ੇਸ਼ ਕਰਕੇ, 'ਭਾਵਕ-ਏਕਤਾ' (Emotional Integration) ਅਤੇ 'ਸਹਿਵਾਸ' (Co-existence) ਦੇ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ ।

ਸੂਝਵਾਨ ਤੇ ਦੂਰ-ਦਰਸ਼ੀ ਨੇਤਾਵਾਂ ਦੀ ਇਹ ਸੋਚੀ ਸਮਝੀ ਰਾਏ ਹੈ ਕਿ ਵਿਗਿਆਨਕ ਖੋਜ ਤੇ ਕਾਢਾਂ ਦੇ ਬਲ-ਬੋਤੇ ਬਣੇ ਮਾਰੂ-ਹਥਿਆਰਾਂ ਦੇ ਭੰਡਾਰਾਂ ਦੀ ਹੋਂਦ ਵਿੱਚ, ਸੰਸਾਰ ਸਰਵ-ਨਾਸ਼ ਦੇ ਦਹਾਨੇ ਉਤੇ ਆ ਖਲੋਤਾ ਹੈ । ਹਰੇਕ ਬਲਵਾਨ ਧੜੇ ਨੇ ਅਜਿਹੇ ਪਰਬੰਧ ਕਰ ਰੱਖੇ ਹਨ ਕਿ ਜੇ ਇੱਕ ਧੜਾ ਹਮਲੇ ਵਿੱਚ ਪਹਿਲ ਕਰ ਵੀ ਜਾਵੇ ਤਾਂ ਦੂਜੇ ਦੇ ਸ੍ਵੈ-ਚਾਲਕ ਯੰਤਰ ਓਧਰੋਂ ਵੀ ਮੌਤ ਤੇ ਬਰਬਾਦੀ ਦੀ ਅੱਗ ਦੂਜੇ ਪਾਸੇ ਵੱਲ, ਓਸੇ ਤਰ੍ਹਾਂ ਵਰ੍ਹਾ ਸਕਣ ।

ਐਸੀ ਗ਼ੈਰ-ਯਕੀਨੀ, ਅਵਿਸ਼ਵਾਸ ਤੇ ਚਿੰਤਾ-ਭਰਪੂਰ ਸਥਿਤੀ ਵਿੱਚ ਇਨਸਾਨ ਨੂੰ ਭਲਾ ਸ਼ਾਤੀ, ਸੁਖ ਤੇ ਚੈਨ ਕਿੱਥੇ ? ਪਤਾ ਨਹੀਂ, ਕਦੋਂ ਕਿਸ ਪਾਗਲ ਮਨੁੱਖ ਨੇ ਇਕ ਬਟਨ ਦਬਾ ਕੇ ਇਹ ਭਿਆਨਕ ਖੇਡ, ਖੇਡ ਜਾਣੀ ਹੈ ਅਤੇ ਮਨੁੱਖ ਦੀ ਸਾਰੀ ਪ੍ਰਗਤੀ, ਸੁਹਾਵਣੇ ਸੁਪਨੇ ਅਤੇ ਸੁਖ ਦੇ ਸਮੂਹ ਸਾਧਨ, ਸੁਆਹ ਦੀ ਢੇਰੀ ਵਿੱਚ ਬਦਲ ਜਾਣੇ ਹਨ; ਕਿਤਨਾ ਅਭਾਗਾ ਹੈ ਇਹ ਮਨੁੱਖ, ਜੋ ਐਟਮ ਦੀ ਸ਼ਕਤੀ ਅਤੇ ਚੰਦ ਆਦਿ ਗ੍ਰਹਿਆਂ ਉਤੇ ਪਹੁੰਚਣ ਦੀ ਸਮਰੱਥਾ ਰਖਦਾ ਹੋਇਆ ਵੀ ਸੁਖ ਤੇ 'ਸਹਜ' ਦੇ ਜੀਵਨ ਤੋਂ ਦੂਰ ਹੈ, ਬਹੁਤ ਦੂਰ ।

ਕਿਤਨੇ ਦੁੱਖ ਦੀ ਗੱਲ ਹੈ ਕਿ, ਬਜ਼ਾਹਰ, ਸੰਸਾਰਕ ਸੁੱਖਾਂ ਦੇ, ਸਾਰੇ ਸਾਮਾਨ, ਇਸ ਨੂੰ ਪ੍ਰਾਪਤ ਹਨ; ਪਰੰਤੂ, ਮੰਜ਼ਲੋਂ ਘੁਥੇ ਰਾਹੀ ਵਾਂਗ ਇਹ ਫਿਰ ਵੀ ਜੀਵਨ-ਜਾਚ ਪ੍ਰਭੂ-ਪ੍ਰੀਤਿ ਦੇ ਤਾਲੋਂ, ਬੇਤਾਲ ਹੋਇਆ, ਭਟਕ ਰਿਹਾ ਹੈ । ਇਹ ਚਤੁਰ ਹੈ, ਸੁੰਦਰ ਹੈ, ਗਿਆਨ ਦੇ ਭੰਡਾਰਾਂ ਦਾ ਮਾਲਕ ਹੈ, ਬਲਵਾਨ ਤੇ ਧਨਵਾਨ ਹੈ; ਪਰੰਤੂ, ਐਨਾ ਕੁਝ ਹੁੰਦਿਆਂ ਹੋਇਆ ਵੀ ਇਸ ਦੇ ਅੰਦਰ ਕੋਈ ਘਾਟ ਹੈ, ਜੋ ਇਸ ਨੂੰ ਟਿਕਣ ਨਹੀਂ ਦਿੰਦੀ । 'ਭਗਵੰਤ ਪ੍ਰੀਤਿ' ਤੋਂ ਸਖਣਾ 'ਖ਼ੁਦਾ ਦਾ ਬੇਟਾ' ਦੁਖੀ ਹੈ, ਉਦਾਸ ਹੈ, ਅਸ਼ਾਂਤਾ ਹੈ । ਇਸ ਅਸ਼ਾਂਤੀ ਦਾ ਅਸਲ ਕਾਰਨ ਲੱਭਣ, ਸਾਰੇ ਸੁੱਖਾਂ ਦਾ ਦਾਤਾ ਰਾਮ ਨੂੰ ਜਾਨਣ ਤੇ ਉਸ ਦੀ ਸ਼ਰਨ ਲੈਣ ਦੀ ਥਾਂ, ਇਹ ਹੁਣ ਹਿੱਪੀ ਬਣ ਕੇ ਭੰਗ, ਸ਼ਰਾਬ ਤੇ ਚਰਸ ਆਦਿ ਮੱਤ-ਮਾਰਨ ਵਾਲੇ ਫੋਕੇ ਤੇ ਵਕਤੀ ਨਸ਼ਿਆਂ ਵਿੱਚੋਂ ਸਹੀ ਤੇ ਸਦੀਵੀ ਸੁਖ ਦੀ ਭਾਲ ਕਰ ਰਿਹਾ ਹੈ । ਨਸ਼ਿਆਂ ਦੀ ਵਰਤੋਂ ਤੇ ਦਿਲ-ਪ੍ਰਚਾਵੇ ਦੇ ਨਿਤ ਨਵੇਂ ਸਾਧਨਾਂ ਨਾਲ ਦੁਖ, ਅਸ਼ਾਂਤੀ ਨੂੰ ਭੁਲਾਣ ਦੀ ਨਾਕਾਮ ਕੋਸ਼ਿਸ਼ ਕਰ ਰਿਹਾ ਹੈ । 'ਸ਼ਬਦ' ਦੇ ਸਦੀਵੀ ਨਸ਼ੇ ਤੋਂ ਇਹ ਬਦਕਿਸਮਤ, ਉੱਕਾ ਹੀ ਬੇਖ਼ਬਰ ਹੈ । ਇਹ ਭੋਲਾ ਪਾਤਸ਼ਾਹ, ਫਿਰ ਚਾਰ-ਵਾਕੀਆਂ ਤੇ ਚੋਲੀ-ਮਾਰਗੀਆਂ ਵਾਂਗ, ਓਸੇ ਪੰਧ ਪੈਣ ਦੀ ਭੁਲ ਕਰ ਰਿਹਾ ਹੈ, ਜਿਸ ਨੂੰ ਮੱਛੀ ਵਾਂਗ ਚੱਟ ਕੇ ਓਹ ਕਿਸੇ ਸਮੇਂ ਵਾਪਸ ਪਰਤਿਆ, ਅਤੇ ਅੱਜ ਦੇ ਉੱਨਤ ਤੇ ਆਲਮ ਸਮਾਜ ਦਾ ਵਾਰਿਸ ਬਣਿਆ ਸੀ ।

ਪਰੰਤੂ, ਇਸ ਦੀ ਇਹ ਬੀਮਾਰੀ ਲਾ-ਇਲਾਜ ਨਹੀਂ । ਬਹੁਤ ਪੁਰਾਣੀ, ਬਹੁਤ ਚਿਰ-ਕਾਲ ਦੀ ਗੱਲ ਨਹੀਂ, ਕੇਵਲ 390 ਕੁ ਸਾਲ ਦੀ ਨਿਗੂਣੀ ਜਿਹੀ ਵਿੱਥ (ਸੰਨ 1604) ਦੀ ਗੱਲ ਹੈ, ਜਦ ਧੁਰੋਂ ਪਠਾਏ, ਨਿਰੰਕਾਰੀ ਬਾਬੇ ਨੇ, ਆਪਣੇ ਪੰਜਵੇਂ ਸਰੂਪ ਵਿੱਚ ਸੰਸਾਰ ਨੂੰ ਇੱਕ ਅਜਿਹੀ ਪੱਕੀ, ਕਲਿਆਣਕਾਰੀ ਤੇ ਸਦੀਵੀ ਸੇਧ ਦਿੱਤੀ ਸੀ, ਜਿਸ ਨੂੰ ਪ੍ਰਬੀਨ ਪੁਰਸ਼ਾਂ ਨੇ 'ਗਾਡੀ ਰਾਹ' ਕਰਕੇ ਜਾਣਿਆ

ਤੇ ਸਤਿਕਾਰਿਆ ਸੀ । ਉਨ੍ਹਾਂ ਨੇ 'ਭਾਵਕ ਏਕਤਾ' ਤੇ 'ਸਹਿਵਾਸ' ਦਾ ਇੱਕ ਐਸਾ ਪੂਰਨਾ ਪਾਇਆ ਜੋ ਮਨੁੱਖ ਦੇ ਧਾਰਮਕ, ਸਮਾਜਕ ਤੇ ਰਾਜਨੀਤਕ ਇਤਿਹਾਸ ਵਿੱਚ ਅਦੁੱਤੀ ਸੀ, ਬੇ-ਮਿਸਾਲ ਸੀ । ਸਤਿਗੁਰਾਂ ਨੇ ਤ੍ਰੁੱਠ ਕੇ ਮਨੁੱਖੀ ਕਲਿਆਣ ਤੇ ਅਗਵਾਈ ਲਈ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਅਜਿਹਾ ਰੂਹਾਨੀ ਗ੍ਰੰਥ ਤਿਆਰ ਕੀਤਾ ਜੋ ਰੱਬ ਵਾਂਗ, ਹਵਾ ਵਾਂਗ ਅਤੇ ਸੂਰਜ ਦੀ ਧੁੱਪ ਵਾਂਗ ਸਭ ਦਾ ਸਾਂਝਾ ਤੇ ਆਪਣਾ ਹੈ । ਸਭੇ ਇਕ-ਸਮਾਨ ਭਾਈਵਾਲ ਹਨ ਇਸ ਦੇ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਤਿਗੁਰਾਂ ਦੀ ਆਤਮਕ ਜੋਤਿ-ਗੁਰਬਾਨੀ ਦੇ ਨਾਲ, ਥਾਂ ਪਰ ਥਾਂ, ਭਗਤਾਂ ਤੇ ਭੱਟਾਂ ਦੇ ਰੱਬੀ ਕਲਾਮ ਨੂੰ ਵੀ ਸਮਾਨ ਥਾਂ ਦਿੱਤੀ । ਕਿਤਨਾ ਇਨਕਲਾਬ ਸੀ ਇਹ ਮੁਤਅੱਸਬੀ ਤੇ ਸੌੜੇ ਦਿਲ ਦਿਮਾਗ ਵਾਲੇ ਉਸ ਜੁਗ ਵਿੱਚ, ਭਾਵਕ-ਏਕਤਾ, ਇਨਸਾਨੀ ਬਰਾਦਰੀ ਤੇ ਭੈਣਾਂ-ਭਰਾਵਾਂ, ਸੁਮਿੱਤਰਾਂ ਵਾਂਗ ਰਲ-ਮਿਲ ਬੈਠਣ ਦਾ, ਦੁਬਿਧਾ ਦੂਰ ਕਰਨ ਦਾ ।

ਸਾਰੇ ਮੱਤਾਂ ਦੇ ਮਜ਼ਹਬੀ ਗ੍ਰੰਥ ਸਤਿਕਾਰ ਯੋਗ ਹਨ । ਸਭ ਵਿੱਚ ਸਮੇਂ ਸਮੇਂ, ਆਪਣੇ ਆਪਣੇ ਢੰਗ ਅਤੇ ਆਪਣੀ ਆਪਣੀ ਪਹੁੰਚ ਤੇ ਸਮਰੱਥਾ ਅਨੁਸਾਰ ਸਚਾਈ ਦਾ ਹੋਕਾ ਦਿੱਤਾ ਗਿਆ ਹੈ; ਪਰੰਤੂ, ਸਤਿਗੁਰਾਂ ਦੀ ਧੁਰ ਕੀ ਬਾਣੀ ਨਾਲ ਜੋ ਅਟੁੱਟ ਸਾਂਝ ਕਬੀਰ ਜੀ, ਫ਼ਰੀਦ ਜੀ, ਰਵਿਦਾਸ ਜੀ, ਨਾਮਦੇਵ ਜੀ, ਤ੍ਰਿਲੋਚਨ ਜੀ, ਜੈਦੇਵ ਜੀ, ਰਾਮਾਨੰਦ ਜੀ, ਬੇਣੀ ਜੀ, ਸੈਣ ਜੀ, ਸਧਨਾ ਜੀ ਆਦਿ ਅਖੌਤੀ ਉਚੀਆਂ, ਨੀਵੀਆਂ ਜਾਤੀਆਂ ਦੇ ਭਗਤਾਂ ਤੇ ਭੱਟਾਂ ਦੀ ਬਾਣੀ ਦੀ ਪਾਈ ਗਈ ਹੈ, ਅਤੇ ਮਨੁੱਖ ਨੂੰ ਜਾਤਾਂ, ਵਰਣਾਂ, ਨਸਲਾਂ ਤੇ ਆਸ਼ਰਮਾਂ ਦੇ ਮਾਰੂ ਵਲਗਣ ਦੀ ਊਚ-ਨੀਚ ਵਿਚੋਂ ਕਢ ਕੇ, ਜੋ ਸਮਾਨਤਾ, ਪਿਆਰ-ਗਲਵਕੜੀ ਅਤੇ ਨਿੱਘ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਾਪਤ ਹੈ, ਇਹ ਹੋਰ ਕਿਸੇ ਮੱਤ ਦੇ ਗ੍ਰੰਥ ਵਿੱਚ ਨਹੀਂ ਲੱਭੇਗੀ । ਏਸੇ ਲਈ, ਗੁਰੂ ਨਾਨਕ ਨਾਮ-ਲੇਵਾ ਗੁਰਸਿੱਖ, ਬਜਾ ਤੌਰ ਉੱਤੇ, ਇਹ ਫ਼ਖ਼ਰ ਕਰਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਮਿਲਤ ਧਰਮ-ਵਿਸ਼ਵਾਸਾਂ ਦਾ ਆਪਣੀ ਕਿਸਮ ਦਾ ਪਹਿਲਾ, ਤੇ ਇੱਕੋ ਇੱਕ ਕਲਿਆਣਕਾਰੀ ਗ੍ਰੰਥ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੈਗ਼ਾਮ ਦੀ ਕੇਵਲ ਇਹੀ ਵਿਸ਼ੇਸ਼ਤਾ ਨਹੀਂ ਕਿ ਇਹ 'ਭਾਵਕ-ਏਕਤਾ', 'ਸਹਿਵਾਸ', ਇਨਸਾਨੀ ਬਰਾਦਰੀ ਅਤੇ ਮਨੁੱਖੀ ਸਮਾਨਤਾ ਦਾ ਇੱਕ ਅਦੁੱਤੀ ਕੇਂਦਰ ਤੇ ਸਰਚਸ਼ਮਾ ਹੈ; ਸਗੋਂ ਇਹਦਾ ਵੱਡਾ ਗੁਣ ਇਹ ਵੀ ਹੈ ਕਿ ਇਸ ਵਿੱਚ ਅਜਿਹੇ ਅਮਰ-ਸਿਧਾਂਤ ਤੇ ਸਿਖਿਆ-ਰੂਪੀ ਅਮੋਲਕ ਰਤਨ ਹਨ, ਜੋ ਇਨਸਾਨ ਦੀ ਸਦੀਵੀ ਰਹਬਰੀ ਤੇ ਕਲਿਆਣ ਦੇ ਜ਼ਾਮਨ ਹਨ । ਉਦਾਹਰਣ ਵਜੋਂ :

ਪਹਿਲੇ : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਸਰਬ-ਕਾਲੀ (ਸਦੀਵੀ) ਤੇ ਸਰਬ-ਦੇਸ਼ੀ ਹੈ । ਇਸ ਦਾ ਆਸ਼ਾ ਸੱਚ ਉਤੇ ਆਧਾਰਤ ਹੈ, ਅਤੇ ਇਹ ਸੱਚ ਕਦੀ ਪੁਰਾਣਾ ਨਹੀਂ ਹੁੰਦਾ । ਸਚੁ ਆਦਿ ਜੁਗਾਦਿ ਅਥਵਾ ਭੂਤ, ਭਵਿਖ, ਭਵਾਨ ਵਿੱਚ ਸਦਾ ਅ-ਬਦਲ ਤੇ ਇਕ-ਰਸ ਰਹਿੰਦਾ ਹੈ । ਸਚੁ ਪਰਮਾਤਮਾ ਹੈ ਅਤੇ ਪਰਮਾਤਮਾ ਸੱਚ । ਨਾਲ ਹੀ ਆਦਿ ਗੁਰੂ ਗ੍ਰੰਥ ਸਾਹਿਬ ਵਿੱਚ ਅਜਿਹੀਆਂ ਸਚਾਈਆਂ, ਹਕੀਕਤਾਂ ਤੇ ਤੱਤਾਂ ਦਾ ਬਿਆਨ ਹੈ, ਜੋ ਮਨੁੱਖੀ ਗਿਆਨ ਦਾ ਸੋਮਾ ਤੇ ਸਦਾ, ਦੋ ਤੇ ਦੋ ਚਾਰ ਵਾਂਗ ਸਤਿ ਹਨ । ਗੁਰਬਾਣੀ ਵਿੱਚ ਇਨ੍ਹਾਂ ਅਟੱਲ ਸਿਧਾਂਤਾਂ ਦੀ ਗੂੰਜ ਤ੍ਰੈ-ਕਾਲ ਨਿਰੰਤਰ ਗੂੰਜੇਗੀ :

(ੳ) ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ ਸੋਇ ॥ (ਜਪੁਜੀ)

(ਅ) ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੮॥ (ਜਪੁਜੀ)

(ੲ) ਕੂੜ ਨਿਖੁਟੇ ਨਾਨਕਾ, ਓੜਕਿ ਸਚਿ ਰਹੀ ॥੨॥ ਰਾਮਕਲੀ ਕੀ ਵਾਰ:੧ (ਮਃ ੧) – ਅੰਗ ੯੫੩

(ਸ) ਮਿਠਤੁ ਨੀਵੀ ਨਾਨਕਾ, ਗੁਣ ਚੰਗਿਆਈਆ ਤਤੁ ॥੧॥੧੪॥ ਆਸਾ ਕੀ ਵਾਰ (ਮਃ ੧) – ਅੰਗ ੪੭੦

(ਹ) ਸੰਸਾਰੁ ਰੋਗੀ, ਨਾਮੁ ਦਾਰੂ, ਮੈਲੁ ਲਾਗੈ ਸਚ ਬਿਨਾ ॥ ਧਨਾਸਰੀ (ਮ: ੧) – ਅੰਗ ੬੮੭

(ਕ) ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ ॥੧॥ ਮਾਝ ਕੀ ਵਾਰ (ਮ: ੧) ਅੰਗ ੧੪੩

(ਖ) ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ ॥੨॥ ਆਸਾ ਕੀ ਵਾਰ (ਮ: ੧) ਅੰਗ ੪੬੫

(ਗ) ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥ ਆਸਾ ਕੀ ਵਾਰ (ਮ: ੧) ਅੰਗ ੪੭੩

(ਘ) ਨਾਨਕ ਦੁਖੀਆ ਸਭੁ ਸੰਸਾਰੁ ॥ ਰਾਮਕਲੀ ਕੀ ਵਾਰ:੧ (ਮ: ੧) ਅੰਗ ੯੫੪

(ਙ) ਨਾਨਕ ਤੇ ਨਰ ਅਸਲਿ ਖਰ, ਜਿ ਬਿਨੁ ਗੁਣ ਗਰਬੁ ਕਰੰਤ ॥੧੫॥
– ਸਲੋਕ ਵਾਰਾਂ ਤੇ ਵਧੀਕ (ਮ: ੧) – ਅੰਗ ੧੪੧੧

(ਚ) ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥੬॥ ਮਾਝ ਕੀ ਵਾਰ (ਮ: ੧) – ਅੰਗ ੧੪੦

(ਛ) ਪੈਧਾ ਖਾਧਾ ਬਾਦਿ ਹੈ ਜਾਂ ਮਨਿ ਦੂਜਾ ਭਾਉ ॥੧੧॥ ਸਲੋਕ ਵਾਰਾਂ ਤੇ ਵਧੀਕ (ਮ: ੧) – ਅੰਗ ੧੪੧੧

(ਜ) ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ ॥ ਸਿਰੀਰਾਗੁ ਕੀ ਵਾਰ (ਮ: ੧) ਅੰਗ ੮੩

(ਝ) ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ਰਹਾਉ ॥
ਸਿਰੀਰਾਗੁ (ਮ: ੧)ਅੰਗ ੧੬

(ਞ) ਭੈ ਰਚਿ ਰਹੈ ਸੁ ਨਿਰਭਉ ਹੋਇ॥ ਜੈਸਾ ਸੇਵੈ ਤੈਸੋ ਹੋਇ ॥੪॥ ਗਉੜੀ (ਮ: ੧) – ਅੰਗ ੨੨੩

(ਟ) ਭੂਲ ਚੂਕ ਤੇਰੈ ਦਰਬਾਰਿ॥ ਨਾਮ ਬਿਨਾ ਕੈਸੇ ਆਚਾਰ ॥੧॥ ਪ੍ਰਭਾਤੀ (ਮ: ੧) – ਅੰਗ ੧੩੩੦

(ਠ) ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥ ਗਉੜੀ ਸੁਖਮਨੀ (ਮ: ੫) ਗੁਰੂ ਗ੍ਰੰਥ ਸਾਹਿਬ – ਅੰਗ ੨੮੭

(ਡ) ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥
ਅੰਗ (੨੮੫)

(ਢ) ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥
ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥੧॥ਆਸਾ ਕੀ ਵਾਰ (ਮ:੧)ਅੰਗ ੪੬੯

(ਣ) ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥ ਸਿਰੀਰਾਗੁ (ਮ: ੧) – ਅੰਗ ੬੨

(ਤ) ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥੧॥
ਰਤਨ ਲਾਲ ਜਾ ਕਾ ਕਛੂ ਨ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥੨॥
ਗਉੜੀ (ਮ: ੫) – ਅੰਗ ੧੮੬

ਜ਼ਰਾ ਵੇਖੇ ਨਾ, ਖੋਲ੍ਹ ਕੇ, ਪਿਉ ਦਾਦੇ ਦਾ ਖਜ਼ਾਨਾ–ਗੁਰਬਾਣੀ–ਜੋ ਬੇਅੰਤ, ਅਮੁਲੀਕ ਸ਼ਬਦ–ਰੂਪੀ ਰਤਨਾਂ ਨਾਲ ਭਰਪੂਰ ਹੈ, ਤੇ ਜਿਸ ਵਿਚੋਂ ਵੰਨਗੀ ਮਾਤ੍ਰ ਕੁਝ ਕੁ ਸਤਿ ਤੇ ਸਾਰ ਬਚਨ ਉੱਪਰ ਅੰਕਿਤ ਕੀਤੇ ਗਏ ਹਨ । ਕਿਤਨੀ ਸਚਾਈ, ਕਿਤਨੀ ਸਦੀਵਤਾ ਤੇ ਕੁਸ਼ਲਤਾ ਰਖਦੇ ਹਨ ਇਹ ਗੁਰਵਾਕ। ਸਭ ਕੁਝ ਬਿਨਸ ਜਾਏਗਾ, ਪਰੰਤੂ ਮਹਾਂਪੁਰਸ਼ਾਂ ਦੇ ਇਹ ਬਚਨ ਜੁਗੋ ਜੁੱਗ ਅਟੱਲ ਰਹਿਣਗੇ ।

ਇਸ ਤਰ੍ਹਾਂ ਵੀਚਾਰਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ, ਜੀਵਨ ਦੇ ਅਬਦੀ ਸਿਧਾਂਤਾਂ ਦਾ ਇਕ ਅਜੋੜ ਗ੍ਰੰਥ ਹੈ, ਜ਼ਿੰਦਗੀ ਦੀਆਂ ਸਾਧਾਰਨ ਤੇ ਵਕਤੀ ਰੀਤਾਂ–ਰਸਮਾਂ ਦਾ ਨਹੀਂ । ਇਹ ਤਾਂ ਦੇਸ਼, ਕਾਲ ਅਨੁਸਾਰ ਸਦਾ ਬਦਲਦੀਆਂ ਰਹੀਆਂ ਹਨ ਅਤੇ ਬਦਲਦੀਆਂ ਰਹਿਣਗੀਆਂ ।

ਦੂਜੇ – ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੋਲੀ, ਦੇਸ਼ ਦੀਆਂ ੧੨ ਕੁ ਬੋਲੀਆਂ ਦਾ ਮਿਸ਼ਰਨ ਹੈ ਅਤੇ ਬਹੁਤਾ ਲੋਕ–ਬੋਲੀ ਵਿੱਚ ਹੈ । ਅਲੰਕਾਰ, ਹਵਾਲੇ ਅਤੇ ਵਸਤਾਂ ਉਹ ਲਏ ਗਏ ਹਨ, ਜਿਨ੍ਹਾਂ ਨਾਲ ਲੋਕਾਂ ਦਾ ਨਿੱਤ ਦਾ ਸੰਬੰਧ ਹੈ । ਪਪੀਹਾ, ਚਾਤ੍ਰਿਕ, ਕੋਇਲ, ਮੋਰ, ਹਰਨੀ, ਵਣ, ਬਾਰ, ਭਉਰਾ, ਅੱਕ–ਟਿੱਡਾ, ਚੰਦਨ, ਚੰਦ, ਸੂਰਜ, ਤਾਰੇ, ਪਉਣ, ਪਾਣੀ, ਅਗਨੀ, ਮਾਤਾ, ਪਿਤਾ, ਪੁੱਤ, ਤ੍ਰਿਆ, ਕੁਟੰਬ, ਜਨਨੀ, ਸੂਤਕ, ਲੋਹਾਰ, ਡਾਂਡੇ, ਰਾਜਾ, ਪਰਜਾ ਆਦਿ ਬੇਅੰਤ ਐਸੇ ਸ਼ਬਦ ਹਨ, ਜਿਨ੍ਹਾਂ ਨਾਲ ਇਨਸਾਨ ਦੀ ਨੇੜੇ

ਦੀ ਜਾਣਕਾਰੀ ਤੇ ਸਾਂਝ ਹੈ । ਵੇਖੋ, ਹਰੀ ਦੀ ਹਰ ਥਾਂ ਵਿਆਪਕਤਾ ਨੂੰ, ਪਾਣੀ ਦੇ ਘੜੇ ਵਿੱਚ ਪੈ ਰਹੇ ਚੰਦ ਦੇ ਅਕਸ ਦਾ ਅਲੰਕਾਰ ਦੇ ਕੇ, ਵੱਡੀ ਗੋਹਜ ਗੱਲ ਨੂੰ ਗੁਰੂ ਜੀ ਕਿਵੇਂ ਸਹਿਲ ਢੰਗ ਨਾਲ ਸਮਝਾਉਂਦੇ ਤੇ ਸਪੱਸ਼ਟ ਕਰਦੇ ਹਨ :

ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦ੍ਰਮਾ ॥੨॥੧੪॥ ਮਾਰੂ ਵਾਰ:੨ (ਮਃ ੫) - ਅੰਗ ੧੦੯੯

ਤੀਜੇ- ਬਿਆਨ-ਢੰਗ ਬੜਾ ਸੌਖਾ, ਪਰ ਵੀਚਾਰ-ਸ਼ੀਲ ਹੈ । ਇਸ ਵਿੱਚ ਭਰਮ, ਵਹਿਮ ਅਤੇ ਮਨੋ-ਕਲਪਿਤ ਗੱਲਾਂ ਨੂੰ ਕੋਈ ਥਾਂ ਨਹੀਂ । ਗੁਰਦੇਵ-ਸੂਤਕ, ਪਾਤਕ, ਭਿੱਟ, ਛੂਤ-ਛਾਤ, ਜਾਤੀ ਭੇਦ ਅਥਵਾ ਹੋਰ ਖਾਣ ਪੀਣ, ਪਹਿਨਣ ਦੇ ਵਿਤਕਰਿਆਂ ਤੇ ਪਾਬੰਦੀਆਂ ਨੂੰ ਕੋਈ ਥਾਂ ਨਹੀਂ ਦਿੰਦੇ । ਉਹਨਾਂ ਦਾ ਸਪੱਸ਼ਟ ਫ਼ੁਰਮਾਨ ਹੈ :

(ੳ) ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥
ਸਿਰੀਰਾਗੁ (ਮਃ ੧) - ਅੰਗ ੧੬

(ਅ) ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ ॥ ਆਸਾ (ਮਃ ੫) ਅੰਗ ੪੦੧

(ੲ) ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ ॥
ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨ ਲਾਗੈ ॥੧॥ ਰਹਾਉ॥ ਬਿਲਾਵਲੁ (ਮਃ ੫) ਅੰਗ ੮੧੮

ਵੇਖੋ, ਕੁਰਖੇਤਰ ਵਿਖੇ ਪੰਡਤਾਂ ਨਾਲ ਸੰਬਾਦ ਕਰਦਿਆਂ ਹੋਇਆਂ, ਮਾਸ ਸੰਬੰਧੀ ਕਿਤਨੀਆਂ ਜੁਗਤੀ-ਭਰਪੂਰ ਦਲੀਲਾਂ ਨਾਲ ਪੰਡਤਾਂ ਦੇ ਭਰਮ ਨੂੰ ਖੰਡਨ ਕੀਤਾ ਸੀ । ਗੁਰੂਦੇਵ ਇਸ ਸ਼ਬਦ ਵਿੱਚ ਕੋਈ ਮਾਸ ਖਾਣ ਦੀ ਵਕਾਲਤ ਜਾਂ ਪ੍ਰੇਰਨਾ ਨਹੀਂ ਕਰਦੇ । ਹਾਂ, 'ਅਹਿੰਸਾ ਪਰਮੋ ਧਰਮਾ' ਅਤੇ 'ਸੂਰਜ ਗ੍ਰਹਿਣ' ਸਮੇਂ ਖਾਣ, ਪੀਣ, ਤੇ ਰਿੰਨ੍ਹਣ ਪਕਾਉਣ ਆਦਿ ਬਾਰੇ ਪਸਰੇ ਵਹਿਮਾਂ-ਭਰਮਾਂ ਸੰਬੰਧੀ, ਜਿਨ੍ਹਾਂ ਕਰਕੇ ਆਣ-ਅਣਖ ਤੇ ਮਨੁੱਖਤਾ ਦਾ ਅਭਾਵ ਹੋ ਚੁੱਕਾ ਸੀ, ਸਹੀ ਅਥਵਾ ਯਥਾਰਥ ਗੱਲ ਪੂਰੀ ਬੇਬਾਕੀ ਨਾਲ ਦਰਸਾਉਂਦੇ ਹਨ ।

ਏਸੇ ਤਰ੍ਹਾਂ ਸੋਈ ਚੰਦੁ ਚੜਹਿ ਸੇ ਤਾਰੇ... ਵਾਲੇ ਸ਼ਬਦ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਜੁਗਾਂ ਦੇ ਬਦਲਣ ਨਾਲ ਮਨੁੱਖੀ ਸੁਭਾਵ, ਸੁਤੇ ਸਿੱਧ ਹੀ ਨਹੀਂ ਬਦਲ ਜਾਂਦੇ । ਕਿਸੇ ਕਲਜੁਗ ਆਉਣ ਦੇ ਕਾਰਨ ਜੀਵ ਕਲਜੁਗੀ ਨਹੀਂ ਹੋ ਜਾਂਦੇ, ਸਗੋਂ ਜਦ ਜੀਵਾਂ ਦਾ ਚਲਣ ਡਿੱਗ ਜਾਂਦਾ ਹੈ, ਰਸਾਤਲ ਚਲਾ ਜਾਂਦਾ ਹੈ, ਉਸ ਸਮੇਂ ਨੂੰ ਕਲਜੁਗ ਦੀ ਸੰਗਿਆ ਦੇ ਦਿੱਤੀ ਜਾਂਦੀ ਹੈ । ਕਿਸੇ ਕਲਜੁਗ ਦੇ ਆਉਣ ਅਤੇ ਉਸ ਦੇ ਪ੍ਰਭਾਵ ਨਾਲ ਜੀਵ ਮੰਦ-ਚਲਣ ਵਾਲੇ ਨਹੀਂ ਹੁੰਦੇ । ਵਾਹ ! ਕੈਸਾ ਸੰਤੁਲਿਤ ਤੇ ਯਥਾਰਥ ਨਿਰਣਾ ਹੈ, ਬਾਬਾਏ ਮਿੱਲਤ ਦਾ ।

ਕਬੀਰ ਸਾਹਿਬ ਦਾ ਗਰਭ ਵਾਸ ਮਹਿ ਕੁਲੁ ਨਹੀਂ ਜਾਤੀ... ਵਾਲਾ ਸ਼ਬਦ ਵੀ ਕਿਤਨਾ ਸਤਿ ਤੇ ਜੁਗਤੀ-ਭਰਪੂਰ ਹੈ, ਅਤੇ ਜਨਮ ਤੋਂ ਜਾਤੀ ਮੰਨਣ ਵਾਲੇ ਅਭਿਮਾਨੀ ਬ੍ਰਾਹਮਣ ਨੂੰ ਕਿਵੇਂ ਨਿਰੁੱਤਰ ਕਰਦਾ ਹੈ ।

ਚੌਥੇ-ਆਦਿ ਗੁਰੂ ਗ੍ਰੰਥ ਜੀ, ਜੀਵਨ ਦੇ ਹਰ ਪੱਖ ਦੀਆਂ ਬੁਰਾਈਆਂ ਦੀ ਪੂਰੀ ਬੇਬਾਕੀ ਨਾਲ ਆਲੋਚਨਾ ਕਰਦੇ ਹਨ । ਕੀ ਧਾਰਮਕ, ਕੀ ਸਮਾਜਕ, ਕੀ ਰਾਜਨੀਤਕ ਅਤੇ ਕੀ ਆਰਥਕ ਬੁਰਾਈਆਂ- ਸਭ ਨੂੰ, ਇਕ-ਸਮਾਨ ਭੰਡਦੇ ਹਨ । ਰਾਜਿਆਂ ਨੂੰ ਸ਼ੀਂਹ, ਮੁਕੱਦਮਾਂ ਨੂੰ ਕੁੱਤੇ, ਰੱਯਤ ਨੂੰ ਅੰਧੀ, ਕਾਜ਼ੀ ਨੂੰ ਵੱਢੀ-ਖ਼ੋਰ ਅਤੇ ਬਾਬਰ ਦੀ ਫ਼ੌਜ ਨੂੰ 'ਪਾਪ ਕੀ ਜੰਞ' ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਵਰਗਾ ਬੇ-ਖ਼ੌਫ਼ ਤੇ 'ਸ਼ਾਹ ਦਾ ਦੀਵਾਨਾ' ਹੀ ਕਹਿ ਸਕਦਾ ਸੀ । ਸਿਕੰਦਰ ਤੇ ਇਬਰਾਹੀਮ ਲੋਧੀ ਵਰਗੇ ਮੁਤਅੱਸਬ, ਨਿਰਦਈ ਤੇ ਜਾਬਰ ਬਾਦਸ਼ਾਹਾਂ ਦੇ ਇਸਲਾਮੀ ਰਾਜ ਵਿੱਚ ਗੁਰਬਾਣੀ ਦੁਆਰਾ ਮਸੀਤ, ਨਮਾਜ਼, ਸੁੰਨਤ, ਰੋਜ਼ੇ ਤੇ ਕਲਮੇ ਦੀ ਨਵੀਂ ਤੇ ਨਰੋਈ ਪਰਿਭਾਸ਼ਾ ਤੇ ਟਿੱਪਣੀ, ਗੁਰਬਾਣੀ ਵਿਚੋਂ ਹੀ ਪ੍ਰਾਪਤ ਹੋ ਸਕਦੀ ਹੈ ।

ਫੋਕਟ ਧਰਮ ਤੇ ਸਮਾਜਕ ਪਖੰਡ ਦੇ ਬਖੀਏ ਉਧੇੜਨ ਲਈ ਤਾਂ 'ਆਸਾ ਕੀ ਵਾਰ' ਦੇ ਸਲੋਕ ਹੀ ਕਾਫ਼ੀ ਹਨ । ਗੁਰਬਾਣੀ ਨੇ ਕੇਵਲ ਬ੍ਰਾਹਮਣ ਜਾਂ ਜੋਗੀਆਂ ਨੂੰ ਹੀ ਖਰੀਆਂ ਖਰੀਆਂ ਨਹੀਂ ਸੁਣਾਈਆਂ, ਸਗੋਂ ਸ਼ਰ੍ਹਾ ਤੇ ਫ਼ਤਵੇ ਦੇ ਮਾਲਿਕ, ਝੂਠੇ ਕਾਜ਼ੀ ਨੂੰ ਵੀ ਕੂੜ ਤੇ ਵੱਢੀ ਦੀ ਮੈਲ (ਗੰਦਗੀ) ਖਾਣ ਵਾਲਾ ਤਕ ਕਹਿਣ ਦੀ ਦਲੇਰੀ ਕੀਤੀ ਹੈ । ਜਿਵੇਂ :

**ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥**
**ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥** ਧਨਾਸਰੀ (ਮ: ੧) ਅੰਗ ੬੬੨

ਪੰਜਵੇਂ-ਆਰਥਕ ਪਹਿਲੂ ਦਾ ਵੀ, ਜੋ ਅੱਜ-ਕਲ੍ਹ ਦਾ ਭੱਖਵਾਂ ਮਸਲਾ ਹੈ, ਸਪੱਸ਼ਟ ਹਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਪ੍ਰਾਪਤ ਹੁੰਦਾ ਹੈ । ਗੁਰਬਾਣੀ, ਬਿਨ੍ਹਾਂ ਕਿਸੇ ਲਪਟ-ਲਪੇਟ ਦੇ, ਸਪੱਸ਼ਟ ਤੌਰ ਉੱਤੇ, ਕਿਰਤ ਦੀ ਮਹਾਨਤਾ ਤੇ ਉੱਦਮ, ਸੇਵਾ, ਸੰਤੋਖ ਅਤੇ ਵੰਡ ਕੇ ਛਕਣ ਦਾ ਮਾਰਗ ਇਉਂ ਦੱਸਦੀ ਹੈ :

(ੳ) ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥ - (੧੨੪੫)

(ਅ) ਪਾਪਾ ਬਾਝਹੁ ਹੋਵੈ ਨਾਹੀ, ਮੁਇਆ ਸਾਥਿ ਨ ਜਾਈ ॥ ਆਸਾ (ਮ: ੧) - ਅੰਗ ੪੧੭

(ੲ) ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥
ਆਸਾ ਕੀ ਵਾਰ (ਮ: ੧ - ਅੰਗ ੪੬੬-੬੭)

(ਸ) ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਮਾਝ ਕੀ ਵਾਰ (ਮ: ੧) - ਅੰਗ ੧੪੧

(ਹ) ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥੧॥
ਗੂਜਰੀ ਕੀ ਵਾਰ:੨ (ਮ: ੫) - ਅੰਗ ੫੨੨

ਇਵੇਂ ਹੀ, ਇਹ ਵੀ ਦਸਿਆ ਗਿਆ ਹੈ ਕਿ ਵਣਜ ਵਪਾਰ, ਵਾਹੀ ਖੇਤੀ ਤੇ ਚਾਕਰੀ ਆਦਿ ਕਿਰਤਾਂ ਨੂੰ ਕਿਵੇਂ ਸੱਚੇ ਤੇ ਸੁੱਚੇ ਢੰਗ ਨਾਲ ਜੀਵਨ ਵਿੱਚ ਕਰਨਾ ਤੇ ਨਿਭਾਉਣਾ ਹੈ ।

ਪਾਵਨ ਗੁਰਬਾਣੀ ਦੀ ਛੇਵੀਂ ਸਿਫ਼ਤ ਇਹ ਹੈ ਕਿ ਉਪਰੋਕਤ ਅਤੇ ਹੋਰ ਅਨਿਕ ਵੀਚਾਰਾਂ ਨੂੰ ਸੰਗੀਤ ਦੇ ਜਾਮ ਵਿੱਚ ਪਾ ਕੇ ਪਿਲਾਇਆ ਗਿਆ ਹੈ । ਕਾਰਲਾਈਲ ਨੇ ਸੰਗੀਤ ਨੂੰ ਫ਼ਰਿਸ਼ਤਿਆਂ (ਦੇਵਤਿਆਂ) ਦੀ ਬੋਲੀ ਕਿਹਾ ਹੈ । ਇਸ ਦੁਆਰਾ ਅਸੀਂ ਅਨੰਤ ਤੇ ਅਮਿੱਤ ਵਿੱਚ ਝਾਤੀ ਮਾਰ ਸਕਣ ਯੋਗ ਹੁੰਦੇ ਹਾਂ । ਸੰਗੀਤ ਦਾ ਪ੍ਰਭਾਵ ਨਾ ਕੇਵਲ ਮਨੁੱਖ ਸਗੋਂ ਪਸ਼ੂ, ਪੰਛੀ-ਸਭ ਕਬੂਲਦੇ ਹਨ । ਏਥੋਂ ਤੱਕ ਕਿ ਪੌਦਿਆਂ ਦੇ ਵਧਣ-ਫੁੱਲਣ ਉੱਤੇ ਵੀ ਸੰਗੀਤ ਚੋਖਾ ਪ੍ਰਭਾਵ ਪਾਉਂਦਾ ਹੈ ।

ਇਹੀ ਕਾਰਨ ਹੈ ਕਿ ਸਤਿਗੁਰਾਂ ਨੇ ਅਰਸ਼ੀ ਬਾਣੀਂ ਨੂੰ ਰਾਗਾਂ ਵਿੱਚ ਉਚਾਰਿਆ ਹੈ ਅਤੇ ੩੧ ਰਾਗ-ਰਾਗਣੀਆਂ ਚੁਣੇ ਹਨ । ਜੇ ਇਸ ਵਿੱਚ ਸੰਮਿਲਤ ਰਾਗਾਂ ਨੂੰ ਵੀ ਗਿਣਿਆ ਜਾਵੇ ਤਾਂ ਇਹ ਗਿਣਤੀ ੪੯ ਹੋ ਜਾਂਦੀ ਹੈ ।

ਰਾਗ ਦੇ ਅਰਥ ਹਨ-ਪਿਆਰ, ਲਗਾਉ । ਇਹ 'ਦਵੈਸ਼' ਦਾ ਵਿਰੋਧੀ ਸ਼ਬਦ ਹੈ । ਗੁਰਬਾਣੀ-ਪ੍ਰੇਮ ਉਪਜਾਊ ਹੈ, ਪ੍ਰੇਮ-ਰੂਪ ਅਤੇ ਪ੍ਰੇਮ ਹੀ ਪਰਮਾਤਮਾ ਦਾ ਦੂਜਾ ਨਾਂਵ ਤੇ ਸਰੂਪ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਸਿਫ਼ਤ-ਸਾਲਾਹ ਕੌਣ ਕਰ ਸਕਦਾ ਹੈ, ਅਤੇ ਕੌਣ ਅੰਤ ਪਾ ਸਕਦਾ ਹੈ, ਇਸ ਵਿੱਚ ਦਰਸਾਈਆਂ ਸਦੀਵੀ ਸਚਾਈਆਂ, ਸਿਧਾਂਤਾਂ ਅਤੇ ਗਿਆਨ ਨਾਲ ਭਰੇ ਭੰਡਾਰਾਂ ਦਾ ?

ਉਪਰੋਕਤ ਲਿਖੀਆਂ ਕੁੱਝ ਸਤਰਾਂ ਅਥਵਾ ਅਧੂਰਾ ਜਿਹਾ ਬਿਆਨ ਤਾਂ ਇਕ ਅਤਿ ਨਿਮਾਣਾ ਜਿਹਾ ਤਰਲਾ ਹੈ, ਮੱਛੀ ਸਮਾਨ, ਸਾਗਰ ਦੀ ਥਾਹ ਲੈਣ ਦਾ । ਹਾਂ ਜੀ, ਇਹ ਤਾਂ ਧੁਰ ਅੰਦਰ ਵੱਸੀ ਖੋਹ ਹੈ ਇਕ ਬੂੰਦ ਦੀ, ਜੋ ਇੱਕ ਅੱਖ ਨਾਲ ਸਾਰੇ ਸਾਗਰ ਨੂੰ ਵੇਖਣ ਦਾ ਨਿਰਾਰਥ ਜਤਨ ਕਰਦੀ ਹੈ । ਫੇਰ ਵੀ,

ਸ਼ਰਧਾ ਦੇ ਫੁੱਲਾਂ ਵਜੋਂ ਇਹ ਸ਼ਬਦ ਹਾਜ਼ਰ ਹਨ ਜੁਗੋਂ ਜੁੱਗ ਅਟੱਲ, ਅਬਚਲ ਜੋਤਿ ਸ੍ਰੀ ਗੁਰੁ ਗ੍ਰੰਥ ਸਾਹਿਬ ਬਾਰੇ, ਜਿਸ ਦਾ ਪਹਿਲਾ ਪ੍ਰਕਾਸ਼ ਸੰਨ ੧੬੦੪ ਈਸਵੀ ਵਿੱਚ, ਭਾਦੋਂ ਸੁਦੀ ਏਕਮ (ਸੰਮਤ ੧੬੬੧) ਨੂੰ, ਕੁਲ ਮਖ਼ਲੂਕ ਦੇ ਸਾਂਝੇ ਹਰਿਮੰਦਰ ਸਾਹਿਬ ਵਿੱਚ ਕੀਤਾ ਗਿਆ, ਅਤੇ ਇਸ ਦੇ ਪਹਿਲੇ ਗ੍ਰੰਥੀ, ਟਹਿਲੀਏ ਹੋਣ ਦਾ ਮਾਣ ਪ੍ਰਾਪਤ ਹੋਇਆ ਬਾਬਾ ਬੁੱਢਾ ਜੀ ਜਿਹੇ ਅਨਿੰਨ ਗੁਰਸਿਖ ਨੂੰ। ਮਨੁੱਖਤਾ, ਇਸ ਅਦੁੱਤੀ ਦੇਣ ਬਦਲੇ, ਸ੍ਰੀ ਗੁਰੁ ਅਰਜਨ ਦੇਵ ਜੀ ਦੀ ਜਿਤਨੀ ਵੀ ਰਿਣੀ ਹੋਵੇ, ਥੋੜੀ ਹੈ।

ਹਰੇਕ ਹਕੀਕੀ ਗੁਰਸਿਖ ਦੀ ਇਹ ਰੀਝ ਹੈ ਕਿ ਉਹ ਵੀ ਜਗਤ-ਜਲੰਦੇ ਨੂੰ ਠਾਰਨ ਦੇ ਉੱਦੇਸ਼ ਦੀ ਪੂਰਤੀ ਲਈ ਨਿਰੰਕਾਰੀ ਸਤਿਗੁਰੂਆਂ ਦੇ ਪਾਕ ਕਲਾਮ-ਗੁਰਬਾਣੀ-ਨੂੰ ਓਸੇ ਤਰ੍ਹਾਂ ਸੰਸਾਰ ਦੇ ਕੋਨੇ ਕੋਨੇ ਤੱਕ ਪਹੁੰਚਾਉਣ ਲਈ ਹੰਭਲਾ ਮਾਰੇ, ਜਿਵੇਂ ਕਿ ਈਸਾਈ ਮੱਤ ਦੇ ਮਤਵਾਲੇ ਮਿਸ਼ਨਰੀਆਂ ਨੇ ਪਵਿੱਤਰ ਅੰਜੀਲ ਨੂੰ ਹੁਣ ਤੱਕ ੧੪੭੩ ਬੋਲੀਆਂ ਵਿੱਚ ਛਾਪ ਕੇ ਪਹੁੰਚਾਇਆ ਹੈ। ਇਸ ਹੰਭਲੇ ਲਈ ਉਹ ਮੁੜ-ਘਿੜ ਕੇ ਵੇਖਦਾ ਹੈ ਸ਼੍ਰੋਮਣੀ ਧਾਰਮਕ ਸੰਸਥਾ-ਸ਼੍ਰੋਮਣੀ ਕਮੇਟੀ ਵਲ, ਅਤੇ ਉਹ ਹੈ ਗ੍ਰਿਸਤ ਮਾਰੂ ਨਿੰਦਰਾ, ਅਤੇ ਨਾ ਖਿਮਾ ਕੀਤੀ ਜਾਣ ਵਾਲੀ ਗ਼ਫ਼ਲਤ ਦੇ ਗ਼ੁਨਾਹ ਵਿੱਚ।

ਸੰਸਾਰ ਦੀ ਕਲਿਆਣ ਅਥਵਾ ਸਰਵ-ਨਾਸ਼ ਤੋਂ ਬਚਣ ਦਾ ਉਪਾਅ, ਜੇ ਕਿਸੇ ਗੱਲ ਵਿੱਚ ਹੈ, ਤਾਂ ਕੇਵਲ ਗੁਰਬਾਣੀ ਦੀ ਰੌਸ਼ਨੀ ਵਿੱਚ ਘੜੇ ਸੱਚੇ ਸੁੱਚੇ ਆਚਾਰ ਵਿੱਚ। ਇਸ ਹਕੀਕਤ ਨੂੰ ਜਿੰਨੀ ਛੇਤੀ ਸਮਝਿਆ ਸਮਝਾਇਆ ਤੇ ਅਮਲਾਇਆ ਜਾਵੇ, ਉਤਨੀ ਹੀ ਇਹ ਲੋਕਾਈ ਦੇ ਭਲੇ ਤੇ ਕ੍ਰਿਤੱਗਯਤਾ ਦੀ ਗੱਲ ਹੋਵੇਗੀ।

ਸ੍ਰੀ ਗੁਰੁ ਗ੍ਰੰਥ ਸਾਹਿਬ ਵਿੱਚ ਆਈ ਬਾਣੀ ਦਾ ਸੰਖੇਪ ਬਿਉਰਾ ਇਸ ਪ੍ਰਕਾਰ ਹੈ :

| | ਨਾਮ | ਕੁਲ ਛੰਦ |
|---|---|---|
| ੧. | ਸ੍ਰੀ ਗੁਰੂ ਨਾਨਕ ਦੇਵ ਜੀ | 974 |
| ੨. | ਸ੍ਰੀ ਗੁਰੂ ਅੰਗਦ ਦੇਵ ਜੀ | 62 |
| ੩. | ਸ੍ਰੀ ਗੁਰੂ ਅਮਰਦਾਸ ਜੀ | 907 |
| ੪. | ਸ੍ਰੀ ਗੁਰੂ ਰਾਮਦਾਸ ਜੀ | 679 |
| ੫. | ਸ੍ਰੀ ਗੁਰੂ ਅਰਜਨ ਦੇਵ ਜੀ | 2218 |
| ੬. | ਸ੍ਰੀ ਗੁਰੂ ਤੇਗ ਬਹਾਦਰ ਜੀ | 116 |
| ੭. | ਭਗਤ ਕਬੀਰ ਜੀ | 541 |
| ੮. | ਭਗਤ ਨਾਮ ਦੇਵ ਜੀ | 60 |
| ੯. | ਭਗਤ ਰਵਿਦਾਸ ਜੀ | 41 |
| ੧੦. | ਸ਼ੇਖ ਫ਼ਰੀਦ ਜੀ | 134 |
| ੧੧. | ਭਗਤ ਤ੍ਰਿਲੋਚਨ ਜੀ | 4 |
| ੧੨. | ਭਗਤ ਬੇਣੀ ਜੀ | 3 |
| ੧੩. | ਭਗਤ ਧੰਨਾ ਜੀ | 4 |
| ੧੪. | ਭਗਤ ਜੈਦੇਵ ਜੀ | 2 |
| ੧੫. | ਭਗਤ ਭੀਖਨ ਜੀ | 2 |
| ੧੬. | ਭਗਤ ਸੈਣ ਜੀ | 1 |
| ੧੭. | ਭਗਤ ਪੀਪਾ ਜੀ | 1 |

| | | |
|---|---|---|
| ੧੮. | ਭਗਤ ਸਧਨਾ ਜੀ | 1 |
| ੧੯. | ਭਗਤ ਰਾਮਾ ਨੰਦ ਜੀ | 1 |
| ੨੦. | ਭਗਤ ਪਰਮਾ ਨੰਦ ਜੀ | 1 |
| ੨੧. | ਭਗਤ ਸੂਰਦਾਸ ਜੀ | 2 |
| ੨੨. | ਭਾਈ ਸੁੰਦਰ ਜੀ | 6 |
| ੨੩. | ਭਗਤ ਮਰਦਾਨਾ ਜੀ ਦੇ ਨਾਮ ਪੁਰ | 3 |
| ੨੪. | ਭਗਤ ਸੱਤਾ ਜੀ | 3 |
| ੨੫. | ਭਗਤ ਬਲਵੰਡ ਜੀ | 5 |
| ੨੬. | ਭੱਟ ਕਲਸਹਾਰ | 54 |
| ੨੭. | ਭੱਟ ਜਾਲਪ | 5 |
| ੨੮ | ਭੱਟ ਕੀਰਤ | 8 |
| ੨੯ | ਭੱਟ ਸਲ੍ਹ | 3 |
| ੩੦ | ਭੱਟ ਭਲ੍ਹ | 1 |
| ੩੧ | ਭੱਟ ਨਲ੍ਹ | 16 |
| ੩੨ | ਭੱਟ ਭਿੱਖਾ | 2 |
| ੩੩ | ਭੱਟ ਗਯੰਦ | 13 |
| ੩੪ | ਭੱਟ ਬਲ | 5 |
| ੩੫ | ਭੱਟ ਹਰਬੰਸ | 2 |
| ੩੬ | ਭੱਟ ਮਥਰਾ | 14 |

ਕੁਲ ਜੋੜ 5894

ਧੰਨਵਾਦਿ ਸਹਿਤ:- ਗੁਰਮਤਿ ਵਿਆਖਿਆਨ ਵਿੱਚੋ

## ਸਾਰਾ-ਗੜ੍ਹੀ ਦੀ ਜੰਗ

**ਬਲਵਿੰਦਰ ਸਿੰਘ 'ਸਾਗ਼ਰ'**

ਸਿੱਖ ਇਤਿਹਾਸ ਗੁਰੂ ਕਾਲ ਅਤੇ ਉਸਤੋਂ ਬਾਦ ਵੀ ਬਹਾਦਰੀ ਦੀਆਂ ਲਾਸਾਨੀ ਮਿਸਾਲਾਂ ਨਾਲ ਭਰਪੂਰ ਹੈ। ਐਸੀ ਹੀ ਇਕ ਬੇਮਿਸਾਲ ਘਟਨਾ ਹੈ ਸਾਰਾ ਗੜ੍ਹੀ ਦੀ ਜੰਗ। ਜਿਸ ਵਿੱਚ ਸਿੱਖ ਫੌਜੀਆਂ ਵੱਲੋਂ ਦਿਖਾਈ ਲਾਸਾਨੀ ਬਹਾਦਰੀ ਅਤੇ ਕੁਰਬਾਨੀ ਦੀ ਮਿਸਾਲ ਦੁਨੀਆਂ ਭਰ ਦੇ ਇਤਿਹਾਸ ਵਿੱਚ ਕਿਧਰੇ ਵੀ ਨਹੀਂ ਮਿਲਦੀ।

12 ਸਤੰਬਰ 1897 ਨੂੰ ਹੋਈ ਇਹ ਲੜਾਈ ਭਾਰਤ ਦੇ ਇਤਿਹਾਸ ਦੀ ਇਕ ਪ੍ਰਮੁਖ ਘਟਨਾ ਹੈ। ਭਾਰਤ ਵਿੱਚ ਅੰਗ੍ਰੇਜ਼ਾਂ ਦਾ ਰਾਜ ਸੀ। ਅੰਗ੍ਰੇਜ਼ ਸਰਕਾਰ ਸਿੱਖਾਂ ਦੀ ਬਹਾਦਰੀ, ਵਫਾਦਾਰੀ ਅਤੇ ਦਲੇਰੀ ਦੀ ਕਦਰਦਾਨ ਸੀ। ਫੌਜ ਵਿੱਚ ਸਿੱਖਾਂ ਦਾ ਅਹਿਮ ਸਥਾਨ ਸੀ। ਅੰਗਰੇਜ਼ਾਂ ਨੇ ਅਗਸਤ 1846 ਵਿਚ ਨਿਰੋਲ ਸਿਖ ਸਿਪਾਹੀਆਂ ਦੀ ਇਕ ਵਿਸ਼ੇਸ਼ ਰੈਜਮੈਂਟ ਤਿਆਰ ਕੀਤੀ ਜਿਸ ਨੂੰ ਸਿਖ ਰੈਜਮੈਂਟ ਦਾ ਨਾਮ ਦਿਤਾ ਗਿਆ। ਰੈਜਮੈਂਟ ਦੀ ਵਿਸ਼ੇਸ਼ ਗਲ ਇਹ ਸੀ ਕਿ ਇਸ ਰੈਜਮੈਂਟ ਦੀ ਰਹਿਣੀ ਬਹਿਣੀ, ਰਹੁ ਰੀਤਾਂ ਅਤੇ ਪਰੰਪਰਾਵਾਂ ਸਿਖ ਸਿਧਾਂਤਾਂ ਤੇ ਆਧਾਰਿਤ ਸਨ। ਸਾਰੇ ਸਿਖ ਸਾਬਤ ਸੂਰਤ ਅਤੇ ਬਹੁਤ ਸਾਰੇ ਅਮ੍ਰਿਤ ਧਾਰੀ ਸਨ। ਇਸ ਰੈਜਮੈਂਟ ਦਾ ਨਿਸ਼ਾਨਾ-ਨਾਹਰਾ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿਤਰ ਬੋਲ "ਨਿਸਚੈ ਕਰ ਅਪਨੀ ਜੀਤ ਕਰੋਂ" ਹੀ ਰਖਿਆ ਗਿਆ। ਸਾਰਾ ਗੜ੍ਹੀ ਦੀ ਜੰਗ ਨੇ

ਇਹ ਸਾਬਤ ਕਰ ਦਿੱਤਾ ਕਿ ਸਿੱਖ ਸਭ ਤੋਂ ਵੱਧ ਦਲੇਰ, ਵਫਾਦਾਰ ਅਤੇ ਸੁਘੜ ਨੀਤੀਵਾਨ ਫੌਜੀ ਹਨ।

ਸਾਰਾ ਗੜ੍ਹੀ ਦੀ ਲੜਾਈ ਭਾਰਤੀ ਅੰਗ੍ਰੇਜ਼ਾਂ ਫੌਜ ਅਤੇ ਅਰਕਜ਼ਈ ਕਬੀਲੇ ਦੇ ਪਖਤੂਨਾਂ ਵਿੱਚ ਲੜ੍ਹੀ ਗਈ। ਅਫਗਾਨ ਦੇ ਇਹ ਪਖਤੂਨ ਬੜੇ ਉਚੇ ਲੰਬੇ, ਅਤੇ ਲੜ੍ਹਾਕੂ ਕਬੀਲੇ ਵਜੋਂ ਪ੍ਰਸਿੱਧ ਸਨ। ਇਨ੍ਹਾ ਨੂੰ ਅਗਰ ਕਿਸੇ ਨੇ ਨੱਥ ਪਾਈ ਸੀ ਤਾਂ ਕੇਵਲ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਅਤੇ ਉਸਦੇ ਮਹਾਨ ਜਰਨੈਲ ਹਰੀ ਸਿੰਘ ਨਲਵੇ ਨੇ। ਉਿਨਾ ਯੋਧਿਆਂ ਦੇ ਅਖਾਂ ਮੀਟਦਿਆਂ ਹੀ ਇਨ੍ਹਾਂ ਹੌਸਲੇ ਫਿਰ ਵਧ ਗਏ। 1848 ਵਿਚ ਸਿੱਖ ਰਾਜ ਦਾ ਸੂਰਜ ਢਲਦਿਆਂ ਹੀ ਪਖਤੂਨਾਂ ਨੇ ਫਰੰਟੀਅਰ ਦੇ ਸੂਬੇ ਦੇ ਆਲੇ ਦੁਆਲੇ ਖੇਤਰ ਤੇ ਨਜ਼ਰਾਂ ਜਮਾ ਲਈਆਂ। ਇਹ ਲੋਕ ਅਕਸਰ ਖੈਬਰ ਅਤੇ ਨੇੜੇ ਦੇ ਕਬਾਇਲੀ ਇਲਾਕਿਆਂ ਤੇ ਹਮਲੇ ਕਰਦੇ ਰਹਿੰਦੇ ਸਨ। ਬਹੁਤੇ ਹਮਲੇ ਲੁਟ ਮਾਰ ਦੀ ਮਨਸ਼ਾ ਨਾਲ ਅਤੇ ਕੁਝ ਕੁ ਕਬਜ਼ਾ ਕਰਨ ਦੀ ਨੀਅਤ ਨਾਲ ਵੀ ਕੀਤੇ ਜਾਂਦੇ ਸਨ।। 12 ਸਤੰਬਰ 1897 ਨੂੰ ਵੀ ਪਖਤੂਨਾਂ ਨੇ ਅਚਾਨਕ ਇਕ ਵਡਾ ਹਮਲਾ ਸਿਗਨਲ ਚੌਕੀ ਸਾਰਾਗੜ੍ਹੀ ਤੇ ਕੀਤਾ।

੩੬ ਵੀ ਸਿੱਖ ਰੈਜਮੈਂਟ ਸਾਰਾਗੜ੍ਹੀ ਦੀ ਸਿਗਨਲ ਚੌਕੀਂ ਤੇ ਤਾਇਨਾਤ ਸੀ। ਇਸ ਵਿਚ ਕੇਵਲ ੨੧ ਸਿਪਾਹੀ ਸ਼ਾਮਲ ਸਨ। ਕਮਾਨ ਹਵਾਲਦਾਰ ਈਸ਼ਰ ਸਿੰਘ ਕਰ ਰਹੇ ਸਨ। ਇਹ ਚੌਕੀ ਕਿਲ੍ਹਾ ਗੁਲਸਤਾਨ ਅਤੇ ਕਿਲ੍ਹਾ ਲ੍ਹੋਕਾਟ ਦਰਮਿਆਨ ਸਿਗਨਲ ਦਾ ਕੰਮ ਕਾਜ ਕਰਦੀ ਸੀ। ਜਿਸ ਕਰਕੇ ਬਹੁਤ ਮਹਤਵ ਪੂਰਨ ਚੌਕੀ ਸੀ। ਸਿਗਨਲ ਤੇ ਸ੍ਰ ਗੁਰਮੁਖ ਸਿੰਘ ਤਾਇਨਾਤ ਸਨ। 12 ਸਤੰਭਰ 1897 ਸਵੇਰੇ 9 ਵਜੇ 10,000 ਪਖਤੂਨ ਚੌਕੀ ਸਾਰਾ ਗੜ੍ਹੀ ਦੇ ਨੇੜੇ ਪੁੱਜ ਗਏ ਅਤੇ ਹਮਲਾ ਕਰ ਦਿਤਾ। ਅੰਗ੍ਰੇਜ਼ ਇਤਿਹਾਸਕਾਰ ਇਹ ਗਿਣਤੀ 12000 ਤੋ 14000 ਮੰਨਦੇ ਹਨ। ਸਰਦਾਰ ਗੁਰਮੁਖ ਸਿੰਘ ਨੇ ਹਮਲੇ ਖਬਰ ਲੌਕਾਟ੍ਹ ਦੇ ਕਿਲੇ ਵਿੱਚ ਬੈਠੇ ਕਰਨਲ ਹਊਸਟਨ ਨੂੰ ਦਿੱਤੀ। ਉਨ੍ਹਾਂ ਦਸਿਆ ਕਿ ਚੌਕੀ ਤੇ 10,000 ਅਫਗਾਨਾਂ ਨੇ ਅਚਾਨਕ ਹਮਲਾ ਕਰ ਦਿੱਤਾ ਹੈ। ਪਰ ਕਰਨਲ ਨੇ ਕੋਈ ਵੀ ਫੋਰੀ ਮਦਦ ਨਾ ਦੇ ਸਕਣ ਦੀ ਸੂਚਨਾ ਦਿੱਤੀ।

ਚੌਕੀ ਸਾਰਾਗੜ੍ਹੀ ਯੁਧ ਪਖੋਂ ਬਹੁਤ ਹੀ ਮਹਤਵ ਪੂਰਨ ਸੀ। ਇਹ ਚੌਕੀ ਨੇੜਲੇ ਕਿਲਿਆਂ ਨੂੰ ਸੁਰਖਿਆ ਵੀ ਪ੍ਰਦਾਨ ਕਰਦੀ ਸੀ ਅਤੇ ਸੂਚਨਾਵਾਂ ਵੀ। ਸਾਰਾ ਗੜ੍ਹੀ ਦੀ ਚੌਕੀਂ ਤੇ ਕੇਵਲ 21 ਸਿੱਖ ਫੌਜੀ ਅਤੇ ਇਕ ਲਾਂਗਰੀ ਹੀ ਸਨ। ਹਵਾਲਦਾਰ ਸ੍ਰ ਈਸ਼ਰ ਸਿੰਘ ਨੇ ਸਾਥੀਆਂ ਨਾਲ ਸਲਾਹ ਕੀਤੀ। ਫੋਰੀ ਮਦਦ ਨਾ ਮਿਲਣ ਦੇ ਬਾਵਜੂਦ ਵੀ ਡੱਟ ਕੇ ਲੜਨ ਦਾ ਫੈਸਲਾ ਲਿਆ ਤਾਂ ਕਿ ਦੁਸ਼ਮਨ ਨੂੰ ਚੌਕੀਂ ਤੇ ਕਬਜਾ ਕਰਨੋ ਰੋਕਿਆ ਜਾ ਸਕੇ। ਚੌਕੀ ਛਡਣ ਜਾਂ ਪਿਛੇ ਹਟਨ ਸਵਾਲ ਉੱਕਾ ਹੀ ਰਦ ਕਰ ਦਿਤਾ ਗਿਆ। ਬਲੰਦ ਹੌਸਲੇ ਨਾਲ ਸਿਖ ਫੌਜੀ ਜੇਕਾਰੇ ਛਡਦੇ ਦੁਸ਼ਮਨ ਤੇ ਟੁਟ ਪਏ। ਆਹਮੋਂ ਸ੍ਹਾਮਣੇ ਦੀ ਲੜਾਈ ਸ਼ੁਰੂ ਹੋ ਗਈ। ਕੁਲ 21 ਸਿਖ ਫੌਜੀਆਂ ਨੇ ਵਡੀ ਅਫਗਾਨ ਫੌਜ ਨੂੰ ਚੌਕੀ ਦੇ ਨੇੜੇ ਵੀ ਨਹੀ ਫਟਕਣ ਦਿਤਾ।

ਪਹਿਲੀ ਹੀ ਝੜਪ ਵਿੱਚ ਜਿਥੇ ਕਈ ਅਫਗਾਨ ਜ਼ਖਮੀ ਹੋਏ ਅਤੇ ਮਾਰੇ ਗਏ ਉਥੇ ਸ. ਭਗਵਾਨ ਸਿੰਘ ਅਤੇ ਸ. ਲਾਲ ਸਿੰਘ ਜ਼ਖਮੀ ਹੋ ਗਏ। ਸ੍ਰ ਭਗਵਾਨ ਸਿੰਘ ਜ਼ਖਮਾਂ ਦੀ ਤਾਬ ਨਾ ਝਲਦੇ ਹੋਏ ਸ਼ਹੀਦ ਹੋ ਗਏ। ਸ੍ਰ ਭਗਵਾਨ ਸਿੰਘ ਦਾ ਮ੍ਰਿਤਕ ਸਰੀਰ ਸਿਪਾਹੀ ਲਾਲ ਸਿੰਘ ਅਤੇ ਜੀਵਾ ਸਿੰਘ ਚੁਕ ਕੇ ਚੌਕੀ ਅੰਦਰ ਲੈ ਗਏ। ਸ੍ਰ ਲਾਲ ਸਿੰਘ ਵੀ ਜ਼ਖਮੀ ਸਨ। ਬਾਹਰ ਲੜਾਈ ਜਾਰੀ ਸੀ। ਸਿਖ ਸਿਪਾਹੀਆ ਨੇ ਵਡੀ ਪਖਤੂਨ ਫੌਜ ਨੂੰ ਚੌਕੀ ਤੋਂ ਦੂਰ ਹੀ ਲੜਾਈ ਵਿਚ ਉਲਝਾਈ ਰਖਿਆ। ਲੜਾਈ ਵਿਚ ਕਈ ਸਿੱਖ ਫੌਜੀ ਸ਼ਹੀਦ ਅਤੇ ਕੁਝ ਜਖਮੀ ਹੋ ਜਾਣ ਤੋਂ ਬਾਦ ਪਖਤੂਨ ਫੌਜ ਨੇ ਚੌਕੀਂ ਦੀ ਦੀਵਾਰ ਢਾਅ ਦਿੱਤੀ। ਪਖਤੂਨਾ ਨੇ ਸਿੱਖ ਫੌਜੀਆਂ ਨੂੰ ਆਤਮ ਸਮਰਪਣ ਲਈ ਕਿਹਾ, ਡਰਾਵੇ ਦਿਤੇ, ਲਾਲਚ ਦਿੱਤੇ, ਲੁਭਾਵਣੇ ਵਾਅਦੇ ਵੀ ਕੀਤੇ। ਪਰ ਬਹਾਦਰ ਸਿੱਖ ਫੌਜੀਆਂ ਨੇ ਆਤਮ ਸਮਰਪਣ ਤੋਂ ਕੋਰੀ ਨਾਹ ਕਰ ਦਿੱਤੀ। ਸ਼ਹਾਦਤ ਦਾ ਜਾਮ ਪੀ ਲੈਣ ਦਾ ਦ੍ਰਿੜ ਨਿਸ਼ਚਾ ਕੀਤਾ। ਆਪਣੇ ਮਾਣ ਮੱਤੇ ਇਤਿਹਾਸ ਅਤੇ ਪਰੰਪਰਾ ਦੀ ਪੂਰਨ ਰਾਖੀ ਕੀਤੀ। ਬਹਾਦਰੀ ਅਤੇ ਸੂਰਮਗਤੀ ਦੀ ਇਕ ਅਨੋਖੀ ਮਿਸਾਲ ਪੈਦਾ ਕਰ ਦਿਤੀ। ਪਖਤੂਨਾ ਨੇ ਚੌਕੀ ਦਾ ਦਰਵਾਜਾ ਤੋੜਨ ਲਈ ਕਈ ਹਮਲੇ ਕੀਤੇ। ਪਰ ਸਾਰੇ ਹਮਲੇ ਪਛਾੜ ਕੇ

ਨਾਕਾਮ ਕਰ ਦਿੱਤੇ ਗਏ। ....

ਹਥੋ ਹਥੀ ਸਿਧੀ ਲੜ੍ਹਾਈ ਸ਼ੁਰੂ ਹੋ ਗਈ। ਪਰ ਇਸ ਹਥੋ ਹਥੀ ਲੜ੍ਹਾਈ ਵਿੱਚ ਜੋ ਵਾਪਰਿਆ ਉਹ ਸਿੱਖ ਫੌਜੀਆਂ ਦੀ ਬਹਾਦਰੀ ਦਾ ਗੌਰਵਮਈ ਕਿੱਸਾ ਹੈ। ਇਸ ਲੜ੍ਹਾਈ ਦਾ ਮਹਾ ਨਾਇਕ ਸੀ ਹਵਾਲਦਾਰ ਈਸ਼ਰ ਸਿੰਘ। ਈਸ਼ਰ ਸਿੰਘ ਨੇ ਆਪਣੇ ਸਿਪਾਹੀਆਂ ਨੂੰ ਪਿਛੇ ਹਟ ਕੇ ਅੰਦਰਲੀ ਕਤਾਰ ਵਿੱਚ ਜਾ ਕੇ ਮੋਰਚਾ ਸੰਭਾਲਣ ਦਾ ਹੁਕਮ ਦਿੱਤਾ ਅਤੇ ਆਪ ਇਕੱਲਾ ਹੀ ਫੰਰਟ ਤੇ ਲੜਣ ਲਈ ਚਲਾ ਗਿਆ। ਇਸ ਸੂਰਮੇਂ ਨੇ ਅਫਗਾਨ ਫੌਜ ਦੀ ਵਡੀ ਤਬਾਹੀ ਕੀਤੀ ਅਤੇ 18 ਅਫਗਾਨਾ ਨੂੰ ਮੌਤ ਦੇ ਘਾਟ ਉਤਾਰ ਦਿਤਾ। ਅੰਤ ਸ਼ਹੀਦ ਹੋ ਗਿਆ। ਅਖੀਰ ਵਿੱਚ ਕੇਵਲ ਪੰਜ ਸਿਖ ਫੌਜੀ ਅਤੇ ਸਿਗਨਲ ਮੈਨ ਗੁਰਮੁਖ ਸਿੰਘ, ਜਿਸਨੇ ਕਰਨਲ ਹਉਟਨ ਨੂੰ ਪਹਿਲਾਂ ਸੁਨੇਹਾ ਭੇਜਿਆ ਸੀ, ਮੁਕਾਬਲੇ ਲਈ ਜ਼ਿੰਦਾ ਸਨ। ਕਰਨਲ ਹਉਸੂਟਨ ਅਨੁਸਾਰ ਇਕੱਲੇ ਗੁਰਮੁਖ ਸਿੰਘ ਨੇ 20 ਦੁਸ਼ਮਨਾ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਆਪਣੀ ਕੁਰਬਾਨੀ ਦੇ ਦਿਤੀ।

ਇਸ ਤਰ੍ਹਾਂ ਇਕ ਇਕ ਕਰਕੇ ਸਾਰੇ ਦੇ ਸਾਰੇ 21 ਸਿੱਖ ਸਿਪਾਹੀ ਦੇਸ਼ ਲਈ ਲੜਦੇ ਹੋਏ ਸ਼ਹੀਦ ਹੋ ਗਏ। ਪਰੰਤੂ ਹੋਰ ਫੌਜੀ ਸਹਾਇਤਾ ਆਉਣ ਤੱਕ ਪਖਤੂਨਾ ਨੂੰ ਚੌਕੀਂ ਤੋਂ ਦੂਰ ਰੋਕੀ ਰਖਿਆ। ਦੁਸ਼ਮਨ ਦਾ ਭਾਰੀ ਜਾਨੀ-ਮਾਲੀ ਨੁਕਸਾਨ ਹੋਇਆ ਸੀ। ਕੇਵਲ 21 ਸਿੱਖ ਫੌਜੀਆਂ ਨੇ 10,000 ਪਖਤੂਨਾ ਦੇ ਘੇਰੇ ਅਤੇ ਹਮਲੇ ਨੂੰ ਨਾਕਾਮ ਹੀ ਨਹੀਂ ਕਰ ਦਿੱਤਾ ਸਗੋਂ 600 ਪਖਤੂਨ ਫੌਜੀ ਮਾਰੇ ਗਏ। ਇਸ ਬੇਜੋੜ ਲੜਾਈ ਵਿਚ 21 ਸਿਖ ਫੌਜੀਆਂ ਹਥੋਂ 600 ਅਫਗਾਨਾ ਦਾ ਮਾਰੇ ਜਾਣਾ ਆਪਣੇ ਆਪ ਵਿਚ ਇਕ ਬੇਮਿਸਾਲ ਘਟਨਾ ਹੈ। ਬ੍ਰਿਟਿਸ਼ ਪਾਰਲੀਮੈਂਟ ਨੇ ਖੜੇ ਹੋਕੇ ਸਿਖਾਂ ਦੀ ਇਸ ਲਾਸਾਨੀ ਬਹਾਦਰੀ ਅਤੇ ਵਫਾਦਾਰੀ ਨੂੰ ਆਪਣੀ ਸ਼ਰਧਾ ਅਤੇ ਸਤਿਕਾਰ ਭੇਟ ਕੀਤਾ। ਸਾਰੇ ਯੋਧਿਆ ਨੂੰ ਵੀਰਤਾ ਮੈਡਲ ਦੇ ਕੇ ਸਨਮਾਨਿਆ ਗਿਆ।

ਬ੍ਰਿਟੇਨ ਦੀ ਮਹਾਰਾਣੀ ਵਿਕਟੋਰੀਆ ਨੇ ਸਿਖ ਫੌਜੀਆਂ ਦੀ ਬਹਾਦਰੀ ਦਾ ਸਿੱਕਾ ਮਨੰਦਿਆ ਸਤਿਕਾਰ ਵਜੋ ਕਿਹਾ ਕਿ ,"ਜਿਸ ਫੌਜ ਵਿਚ ਸਿੱਖ ਸ਼ਾਮਲ ਹੋਣ ਉਸ ਫੌਜ ਦੀ ਹਾਰ ਹੋ ਹੀ ਨਹੀਂ ਸਕਦੀ"।

ਲ਼ੇਫਟੀਨੈਂਟ ਕਰਨਲ ਹਾਉਸਟਨ ਨੇ ਇਸ ਲੜਾਈ ਬਾਰੇ ਕਿਹਾ ਕਿ " ਸਾਨੂੰ ਬਹਾਦਰ ਸਿਖਾਂ ਦੀ ਸ਼ਹੀਦੀ ਤੈ ਬਹੁਤ ਦੁਖ ਹੈ ,ਪਰ ਜਦ ਤੱਕ ਸਿਖ ਕੌਮ ਰਹੇਗੀ , ਤਦ ਤੱਕ ਉਹ ਆਪਣੀ ਇਸ ਮਾਣਮੱਤੀ ਫੌਜੀ ਸ਼ਾਨ ਤੇ ਮਾਣ ਕਰਦੀ ਰਹੇਗੀ"।

ਸਿੱਖਾਂ ਦੀ ਬਹਾਦਰੀ ਦੇ ਚਰਚੇ ਸਾਰੀ ਦੁਨੀਆ ਚ ਫੈਲ ਗਏ। ਫਰਾਂਸ ਦੇ ਸਕੂਲਾਂ ਵਿੱਚ ਅਜ ਵੀ ਸਿੱਖ ਸੂਰਵੀਰਾਂ ਦੀ ਇਹ ਗਾਥਾ ਪੜ੍ਹਾਈ ਜਾਂਦੀ ਹੈ। ਇਹ ਗਾਥਾ Unesco ਵਲੋਂ ਛਾਪੀਆਂ ਦੁਨੀਆ ਵਿਚ ਬਹਾਦਰੀ ਦੀਆਂ ਅਦਭੁਤ 8 ਗਾਥਾਵਾਂ ਵਿੱਚ ਵੀ ਸ਼ਾਮਲ ਹੈ ਅਤੇ ਆਪਣਾ ਵਿਸ਼ੇਸ਼ ਸਥਾਨ ਰਖਦੀ ਹੈ ਭਾਵੇਂ ਪਕਤੂਨਾਂ ਨੇ ਚੌਕੀ ਤੇ ਅੰਸ਼ਕ ਕਬਜ਼ਾ ਕਰ ਲਿਆ ਪਰ ਉਨ੍ਹਾ ਦੇ ਹੌਸਲੇ ਪਸਤ ਹੋ ਗਏ। ਭਾਰੀ ਜਾਨੀ ਮਾਲੀ ਨੁਕਸਾਨ ਉਨ੍ਹਾ ਦੇ ਗਲੇ ਦਾਂ ਫਾਂਸ ਬਣ ਗਿਆ। ਨਤੀਜਾ ਇਹ ਹੋਇਆ ਕਿ ਦੋ ਦਿਨ ਬਾਦ ਹੀ ਇਸ ਚੌਕੀ ਤੇ ਫਿਰਤੋ ਭਾਰਤੀ ਫੌਜ ਦਾ ਕਬਜ਼ਾ ਹੋ ਗਿਆ। ਅਜ ਵੀ ਸਿਖ ਰੈਜਮੈਂਟ 12 ਸਤੰਬਰ ਦਾ ਦਿਨ ਸਾਰਾਗੜ੍ਹੀ ਦਿਵਸ ਵਜੋ ਮਨਾਉਦੀ ਹੈ ਅਤੇ ਆਪਣੀ ਰੈਜਮੈਂਟ ਦੇ ਮਹਾਨ ਯੋਧਿਆਂ ਨੂੰ ਸਤਿਕਾਰ ਨਾਲ ਯਾਦ ਕਰਦੀ ਹੈ। ਅਜ ਲੋੜ ਹੈ ਇਸ ਗਾਥਾ ਨੂੰ ਸਾਰੇ ਸਕੂਲਾਂ ਵਿਚ ਪੜਾਉਣ ਦੀ ਤਾਂ ਕਿ ਨੌਜਵਾਨ ਪੀੜੀ ਆਪਣੇ ਗੌਰਵਮਈ ਵਿਰਸੇ ਤੋਂ ਜਾਣੂੰ ਹੋ ਸਕੇ ਅਤੇ ਉਨ੍ਹਾ ਵਿਚ ਦੇਸ਼ ਭਗਤੀ ਅਤੇ ਕੁਰਬਾਨੀ ਦਾ ਜਜ਼ਬਾ ਪੈਦਾ ਹੋ ਸਕੇ। .....

## (ਜੀਵਨ ਪ੍ਰਕਾਸ਼)

ਗਿਆਨੀ ਕ੍ਰਿਸ਼ਨ ਸਿੰਘ
'ਸੰਤਨ ਕੀ ਕੁਟੀਆਂ'
ਸ੍ਰੀ ਅੰਮ੍ਰਿਤਸਰ

## ਤੈਨੂੰ ਮਿੱਟੀ ਮੂਲ ਹੈ ਜਾਇਆ

**ਪਥਿਆਰੇ ਨੇ ਮਿੱਟੀ ਲੈ ਕੇ, ਇੱਟ ਦਾ ਰੂਪ ਬਣਾਇਆ ।**
**ਪਾ ਭੱਠੇ ਵਿੱਚ ਅੱਗ ਜੁ ਦੇ ਕੇ, ਓਸ ਨੂੰ ਖ਼ੂਬ ਪਕਾਇਆ ।**
**ਲਾਲ ਰੰਗੀ ਹੋ ਭਰ ਆਕੜ ਵਿੱਚ, ਵੱਖ ਵੱਖ ਹੋ ਬਹਿੰਦੀ ।**
**ਬਿਨ ਗਾਰੇ ਤੇਰਾ ਜੋੜ ਨਾ ਜੁੜਨਾ, ਤੈਨੂੰ ਮਿੱਟੀ ਮੂਲ ਹੈ ਜਾਇਆ ।**

ਅਰਥ : ਇੱਟਾਂ ਬਣਾਉਣ ਵਾਲੇ ਨੇ (ਜਿਨ੍ਹਾਂ ਨੂੰ ਪਥਿਆਰਾ ਕਿਹਾ ਜਾਂਦਾ ਹੈ) ਮਿੱਟੀ ਲੈ ਕੇ ਉਸ ਦੀ ਇੱਟ ਬਣਾ ਦਿੱਤੀ । ਫਿਰ ਭੱਠੇ ਵਿੱਚ ਪਾ ਕੇ ਪਕਾ ਦਿੱਤੀ । ਹੁਣ ਇਹ ਲਾਲ ਰੰਗ ਦੀ ਇੱਟ ਬਣ ਕੇ ਦੂਜੀਆਂ ਕੱਚੀਆਂ ਇੱਟਾਂ ਤੇ ਕੱਚੀ ਮਿੱਟੀ ਤੋਂ ਵੱਖਰੀ ਹੋ ਹੋ ਬਹਿੰਦੀ ਹੈ ਕਿ ਮੈਂ ਕੁਝ ਹੋਰ ਬਣ ਗਈ ਹਾਂ । ਕਿਸੇ ਸਿਆਣੇ ਨੇ ਕਿਹਾ ਕਿ ਤੂੰ ਬਣੀ ਵੀ ਕੱਚੀ ਮਿੱਟੀ ਤੋਂ ਤੇ ਹੁਣ ਪੱਕ ਕੇ ਵੀ ਮਿੱਟੀ ਹੈ ਤੇ ਤੈਨੂੰ ਉਸਰਨ ਲਈ, ਮਹਿਲ ਬਣਨ ਲਈ ਅਜੇ ਵੀ ਗਾਰੇ ਦੀ ਹੀ ਲੋੜ ਹੈ । ਤੇਰਾ ਮੂਲ ਮਿੱਟੀ, ਤੇਰਾ ਰੂਪ ਮਿੱਟੀ । ਤੂੰ ਆਪਣੀ ਹੋਂਦ ਨਾ ਭੁੱਲ ਕਿ ਤੂੰ ਮਿੱਟੀ ਹੈ ।

ਭਾਵਾਰਥ : ਅਸੀਂ ਜਿਸ ਪ੍ਰਭੂ ਦੀ ਸ਼ਕਤੀ ਕਰਕੇ ਬਣੇ ਹਾਂ, ਉਹੀ ਅੱਜ ਸਾਡੇ ਅੰਦਰ ਹੈ । ਅਸੀਂ ਭਾਵੇਂ ਅਮੀਰ ਬਣ ਜਾਈਏ, ਪੜ੍ਹ ਕੇ ਬੜੇ ਵਿਦਵਾਨ ਹੋ ਜਾਈਏ, ਸਰੀਰਕ ਸ਼ਕਤੀ ਕਰਕੇ ਪਹਿਲਵਾਨ ਹੋ ਜਾਈਏ, ਚੰਗੀ ਸੋਭਾ ਹੋ ਜਾਏ, ਪਰ ਫਿਰ ਵੀ ਪ੍ਰਭੂ ਤੋਂ ਬਿਨਾਂ ਤਾਂ ਇੱਕ ਪਲ ਵੀ ਜ਼ਿੰਦਾ ਨਹੀਂ ਰਹਿ ਸਕਦੇ । ਪ੍ਰਭੂ ਕਰਕੇ ਹੀ ਜ਼ਿੰਦਾ ਹਾਂ, ਪ੍ਰਭੂ ਕਰਕੇ ਹੀ ਸਾਡੇ ਪਾਸ ਸਾਰੀ ਤਾਕਤ ਹੈ ਤੇ ਆਉਣ ਵਾਲੇ ਸਮੇਂ ਵਿੱਚ ਹੋਰ ਉੱਚੇ ਹੋਣ ਲਈ ਵੀ ਪ੍ਰਭੂ ਦੀ ਹੀ ਜ਼ਰੂਰਤ ਹੈ । ਉਸ ਪ੍ਰਭੂ ਨੂੰ ਕਦੀ ਨਾ ਭੁੱਲੋ, ਤਾਂ ਜੁ ਆਕੜ-ਅਹੰਕਾਰ ਸਾਡੇ ਅੰਦਰ ਕਦੀ ਵੀ ਵਾਸਾ ਨਾ ਕਰ ਸਕੇ ।

## ਸੋਨਾ ਤੇ ਸੌਂ ਨ

**ਬੇਫ਼ਿਕਰੀ ਨਾਲ ਸੁੱਤਾ ਰਹਿੰਦਾ, ਪਾਸ ਨਹੀਂ ਸੀ ਸੋਨਾ ।**
**ਸੋਨਾ ਆਇਆ ਚਿੰਤਾ ਲੈ ਕੇ, ਕਹਿੰਦਾ ਹੁਣ ਤੂੰ ਸੌਂ ਨਾ ।**
**ਬਣ ਮਾਲਕ ਸੋਨੇ ਦਾ, ਇਸ ਦੇ ਆਕੜ ਪੱਲੇ ਪੈ ਗਈ ।**
**ਜੇ ਲੁੱਟ ਕੇ ਕੋਈ ਲੈ ਜਾਵੇ, ਤਾਂ ਸੋਨਾ ਦੇ ਗਿਆ ਰੋਣਾ ।**

ਅਰਥ : ਧਨ ਦਾ ਸਦੀਵੀ ਸਥਿਤ ਰੂਪ ਸੋਨਾ ਹੈ । ਜਦੋਂ ਸੋਨਾ ਕੋਲ ਨਹੀਂ ਸੀ ਤਾਂ ਬੇਫ਼ਿਕਰੀ ਸੀ, ਮਿਹਨਤ ਕਰ ਕੇ, ਰੋਟੀ ਖਾ ਕੇ ਬੇਫ਼ਿਕਰ ਹੋ ਕੇ ਸੌਂ ਜਾਂਦਾ ਸੀ । ਆਹਿਸਤਾ ਆਹਿਸਤਾ ਜੀਵਨ ਬੀਤਦਿਆਂ ਇੱਕ ਦਿਨ ਸੋਨਾ ਲੱਭ ਪਿਆ । ਹੁਣ ਸੋਨਾ ਪਾਸ ਹੈ, ਸਾਰੀ ਰਾਤ ਇਸੇ ਸੋਚ ਵਿੱਚ ਨੀਂਦ ਨਹੀਂ ਆਈ ਕਿ ਚੋਰ ਨਾ ਆ ਜਾਣ । ਇਸ ਦਾ ਨਾਮ ਹੀ ਹੈ ਸੋ-ਨਾ, ਜਾਗਦਾ ਹੀ ਰਹੁ।

ਸੋਨਾ ਆਉਣ ਨਾਲ ਨੀਂਦ ਚਲੀ ਗਈ, ਆਕੜ ਆ ਗਈ । ਅੰਹਕਾਰ ਵਿੱਚ ਹੈ ਕਿ ਮੇਰੇ ਕੋਲ ਵੀ ਕੁਝ ਹੈ, ਮੈਂ ਐਵੇਂ ਨਹੀਂ । ਪਰ ਚਿੰਤਾ ਵੀ ਹੈ ਕਿ ਜੇ ਕਿਧਰੇ ਕਿਸੇ ਚੋਰ ਦਾ ਦਾਅ ਚੱਲ ਗਿਆ, ਉਹ ਲੁੱਟ ਕੇ ਲੈ ਗਿਆ ਤਾਂ ਰੋਣਾ ਹੀ ਨਾ ਪੈ ਜਾਵੇ । ਆਵੇ ਤਾਂ ਸੋ-ਨਾ, ਜਾਵੇ ਤਾਂ ਖ਼ੁਸ਼ੀ ਖ਼ਤਮ, ਰੋਣਾ ।

ਭਾਵਾਰਥ : ਧਨ ਦੌਲਤ ਨਾ ਹੋਵੇ ਤਾਂ ਪ੍ਰਾਪਤ ਕਰਨ ਦੀ ਭਟਕਣਾ, ਜੇਕਰ ਆ ਜਾਵੇ ਤਾਂ ਸੰਭਾਲਣ ਦੀ ਚਿੰਤਾ, ਪਰ ਜੋ ਦੋਹਾਂ ਸਮਿਆਂ ਵਿੱਚ ਇੱਕੋ ਜਿਹਾ ਰਹੇ, ਉਹੀ ਸੁਖੀ ਹੈ । ਨਾ ਮਿਲੇ ਤਾਂ ਪ੍ਰਭੂ

ਦੀ ਰਜ਼ਾ, ਜੇਕਰ ਮਿਲ ਜਾਏ ਤਾਂ ਵੀ ਉਹਦੀ ਮਿਹਰ। ਸੋ ਬੰਦਗੀ ਵਾਲੇ ਦੀ ਸੁਰਤ ਵਿੱਚ ਧਨ ਨਹੀਂ, ਨਾਮ ਹੀ ਨਾਮ ਹੁੰਦਾ ਹੈ। ਧਨ ਚਿੰਤਾ ਪੈਦਾ ਕਰਦਾ ਹੈ, ਨਾਮ ਚਿੰਤਾ-ਮੁਕਤ ਕਰਦਾ ਹੈ। ਧਨ ਅਹੰਕਾਰ ਪੈਦਾ ਕਰਦਾ ਹੈ, ਨਾਮ ਨਾਲ ਅੰਦਰ ਨਿਮਰਤਾ ਪ੍ਰਵੇਸ਼ ਕਰਦੀ ਹੈ। ਐ ਮਨੁੱਖ ! ਲੋੜ ਮਾਤਰ ਧਨ ਘਰ ਵਿੱਚ ਜ਼ਰੂਰ ਰੱਖ, ਪਰ ਪੱਕੇ ਤੌਰ ਤੇ ਇਸ ਨੂੰ ਚੇਤੇ ਵਿੱਚ ਨਾ ਰੱਖੀਂ। ਇਸ ਧਨ ਦੀ ਦਸ਼ਾ ਸਤਿਗੁਰ ਕਿੰਨੇ ਵਧੀਆ ਤਰੀਕੇ ਨਾਲ ਬਿਆਨ ਕਰਦੇ ਹਨ :

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥
ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥ਮਾਰੂ (ਮਃ ੫)ਅੰਗ ੧੦੧੯

## ਪਲਿਆ ਗੰਨਾ ਉੱਚਾ ਹੋਇਆ

**ਪਲਿਆ ਗੰਨਾ ਉੱਚਾ ਹੋਇਆ,ਖ਼ੂਬ ਜਵਾਨੀ ਆਈ।**

**ਕੱਟ ਕੇ ਉਸ ਨੂੰ ਛਿੱਲ ਕੇ ਸਾਰਾ,ਦਿੱਤਾ ਧਰਤ ਵਿਛਾਈ।**

**ਸਿਰ ਧੜ ਦਾ ਹੁਣ ਸੌਦਾ ਕਰ ਕੇ,ਪੋਰੀ ਪੋਰੀ ਹੋਇਆ।**

**ਪੱਤ ਲਾਹ ਕੇ, ਪੱਤ ਪਾ ਕੇ,ਕਿਸੇ ਦੀ ਪੱਤ ਬਚਾਈ।**

ਅਰਥ : ਜ਼ਿਮੀਂਦਾਰ ਨੇ ਗੰਨਾ ਬੀਜਿਆ। ਉਸਦੀ ਸਾਂਭ-ਸੰਭਾਲ ਕੀਤੀ ਤੇ ਗੰਨਾ ਵੱਡਾ ਹੋ ਗਿਆ। ਭਰ ਜਵਾਨੀ ਵਿੱਚ ਚਲਾ ਗਿਆ। ਉਸ ਤੋਂ ਬਾਅਦ ਗੰਨੇ ਨੂੰ ਛਿੱਲਿਆ, ਗੰਨੇ ਦੇ ਇਰਦ-ਗਿਰਦ ਲੱਗੇ ਸਾਰੇ ਪੱਤੇ ਲਾਹ ਦਿੱਤੇ। ਗੰਨਾ ਨੰਗਾ ਹੋ ਗਿਆ ਤੇ ਕੱਟ ਦਿੱਤਾ ਗਿਆ। ਫਿਰ ਛੋਟੇ-ਛੋਟੇ ਟੁਕੜੇ ਕਰ ਕੇ ਜ਼ਮੀਨ ਤੇ ਸੁੱਟ ਦਿੱਤਾ। ਇਸ ਗੰਨੇ ਦੀ ਰਸ ਕੱਢ ਕੇ ਕੜਾਹੇ ਵਿੱਚ ਪਾਈ ਤੇ ਅੱਗ ਤੇ ਰੱਖ ਕੇ ਉਬਾਲਿਆ। ਜਦੋਂ ਪੱਕ ਗਿਆ (ਉਸ ਨੂੰ ਕਹਿੰਦੇ ਨੇ ਪੱਤ ਚੜ੍ਹ ਗਈ), ਖੰਡ-ਸ਼ਕਰ ਬਣ ਗਿਆ ਤੇ ਕੜਾਹ ਪ੍ਰਸਾਦਿ ਵਿੱਚ ਪੈ ਕੇ, ਅਰਦਾਸ ਰਾਹੀਂ ਕਿਸੇ ਦੀ ਇੱਜ਼ਤ ਦਾ ਰਖਵਾਲਾ ਵੀ ਬਣਿਆ।

ਭਾਵਾਰਥ : ਮਨੁੱਖ ਦਾ ਜੀਵਨ ਵੀ ਇਹੋ ਜਿਹਾ ਪਰਉਪਕਾਰੀ ਹੀ ਚਾਹੀਦਾ ਹੈ। ਭਾਵੇਂ ਮਨੁੱਖ ਦਾ ਆਪਣਾ ਬੰਦ-ਬੰਦ ਕੱਟਿਆ ਜਾਏ, ਖੋਪਰੀ ਲਹਿ ਜਾਏ, ਸੀਸ ਦੇਣਾ ਪੈ ਜਾਵੇ, ਤਾਂ ਵੀ ਗੁਰੇਜ਼ ਨਾ ਕਰੇ, ਧਰਮ ਦੀ ਰੱਖਿਆ ਹਰ ਹਾਲ ਕਰੇ, ਕਿਸੇ ਗ਼ਰੀਬ-ਨਿਮਾਣੇ ਦੀ ਬਾਂਹ ਜ਼ਰੂਰ ਫੜੇ, ਉਸ ਦਾ ਸਹਾਰਾ ਬਣੇ, ਪ੍ਰਭੂ ਆਪ ਸਹਾਈ ਹੋਣਗੇ।

ਇਹੋ ਜਿਹੇ ਪਰਉਪਕਾਰੀ ਵਿਰਲੇ ਹੀ ਹੁੰਦੇ ਹਨ, ਜੋ ਆਪਣੇ ਲਈ ਨਹੀਂ ਜਿਊਂਦੇ, ਸਗੋਂ ਉਹਨਾਂ ਦਾ ਜੀਵਨ ਦੂਸਰਿਆਂ ਦਾ ਭਲਾ ਕਰਨ ਵਿੱਚ ਹੀ ਬਤੀਤ ਹੁੰਦਾ ਹੈ। ਅਪਣਾ ਆਪਾ ਕੁਰਬਾਨ ਕਰ ਕੇ ਵੀ ਉਹ ਦੂਸਰਿਆਂ ਦਾ ਭਲਾ ਕਰਨਾ ਹੀ ਆਪਣਾ ਧਰਮ ਸਮਝਦੇ ਹਨ।

## ਮੈਂ - ਮੌਤ ਦਾ ਕਾਰਨ

**ਸਾਰਿਆਂ ਚੂਹਿਆਂ ਦੇ ਵਿੱਚ ਮੋਟਾ, ਚੂਰਾ ਖੌਰੂ ਪਾਵੇ।**

**ਮੈਂ ਵੱਡਾ ਸਿਰਮੌਰ ਹਾਂ ਸਭ ਤੋਂ, ਆਕੜ ਨਾਲ ਅਲਾਵੇ।**

**ਡਰਦੇ ਨਿਵਦੇ ਸਾਰੇ ਇਸ ਤੋਂ, ਲ਼ੱਕ ਛੱਜ ਲਟਕਾਏ।**

**ਬਿੱਲੀ ਆਈ ਫੜ ਕੇ ਲੈ ਗਈ, ਮੈਂ ਨਾ ਖੁੱਡ ਸਮਾਵੇ।**

ਅਰਥ : ਚੂਹਿਆਂ ਵਿੱਚ ਇੱਕ ਵੱਡਾ ਤੇ ਮੋਟਾ ਚੂਹਾ ਸੀ। ਆਪਣੇ ਵੱਡੇ ਹੋਣ ਦੇ ਅਹੰਕਾਰ ਵਿੱਚ ਸਾਰੇ ਚੂਹਿਆਂ ਨੂੰ ਮਾਰਦਾ ਰਹਿੰਦਾ। ਇੱਕ ਦਿਨ ਸਾਰੇ ਚੂਹੇ ਕੱਠੇ ਹੋ ਕੇ ਆਖਣ ਲੱਗੇ, "ਭਰਾ, ਸਾਨੂੰ ਕਿਉਂ ਪਰੇਸ਼ਾਨ ਕਰਦਾ ਹੈਂ ?" ਤਾਂ ਕਹਿਣ ਲੱਗਾ, "ਮੈਂ ਸਭ ਤੋਂ ਵੱਡਾ ਚੌਧਰੀ ਹਾਂ, ਸਾਰੇ ਜਣੇ ਮੇਰੇ ਅੱਗੇ ਨੀਵੇਂ ਹੋ ਕੇ ਅਦਬ ਕਰਿਆ ਕਰੋ।" ਡਰ ਦੇ ਮਾਰੇ ਚੂਹੇ ਉਸ ਅੱਗੇ ਨਿਵ ਜਾਂਦੇ। ਨਿਸ਼ਾਨੀ ਵਜੋਂ ਚੂਹਿਆਂ ਨੇ ਰਲ

ਕੇ ਉਸ ਦੇ ਲੱਕ ਨਾਲ ਨਿੱਕਾ ਜਿਹਾ ਛੱਜ ਬੰਨ੍ਹ ਦਿੱਤਾ ਤਾਂ ਜੁ ਪਤਾ ਲਤਗ ਜਾਵੇ ਕਿ ਵੱਡਾ ਚੌਧਰੀ ਆ ਰਿਹਾ ਹੈ । ਅਚਾਨਕ ਇੱਕ ਦਿਨ ਬਿੱਲੀ ਆ ਗਈ । ਸਾਰੇ ਚੂਹੇ ਝਟਪਟ ਖੁੱਡ ਵਿੱਚ ਵੜ ਗਏ, ਪਰ ਵੱਡੇ ਚੂਹੇ ਕੋਲੋਂ ਛੱਜ ਬੰਨ੍ਹਿਆ ਹੋਣ ਕਰਕੇ ਖੁੱਡ ਵਿੱਚ ਵੜਿਆ ਨਾ ਜਾਏ । ਦੂਜੇ ਚੂਹੇ ਖੁੱਡ ਦੇ ਅੰਦਰੋਂ ਹੀ ਆਖਣ ਲੱਗੇ. "ਚੌਧਰੀ ਜੀ ! ਅੰਦਰ ਆ ਜਾਓ, ਬਾਹਰ ਬਿੱਲੀ ਹੈ ।" ਚੌਧਰੀ ਨੇ ਅੱਗੋਂ ਜਵਾਬ ਦਿੱਤਾ, "ਅੰਦਰ ਤਾਂ ਆ ਜਾਵਾਂ, ਪਰ ਇਹ ਚੌਧਰ ਖੁੱਡ ਦੇ ਅੰਦਰ ਵੜਨ ਨਹੀਂ ਦਿੰਦੀ ।" ਇਤਨੇ ਨੂੰ ਬਿੱਲੀ ਆਈ ਤੇ ਉਸ ਚੂਹੇ ਨੂੰ ਮੂੰਹ ਚ ਫੜ ਕੇ ਲੈ ਗਈ ।

ਭਾਵਾਰਥ : ਜੋ ਮਨੁੱਖ ਆਪਣੀ ਹਉਮੈ ਦੀ ਚੌਧਰ ਵਿੱਚ ਜਿਉਂਦੇ ਹਨ, ਇੱਕ ਦਿਨ ਮੌਤ ਰੂਪੀ ਬਿੱਲੀ ਉਨ੍ਹਾਂ ਨੂੰ ਫੜ ਕੇ ਲੈ ਜਾਂਦੀ ਹੈ । ਭਾਵੇਂ ਮੌਤ ਤਾਂ ਸਾਰਿਆਂ ਨੂੰ ਹੀ ਆਉਂਦੀ ਹੈ, ਪਰ ਨਿਮਰਤਾ ਵਾਲੇ ਤੇ ਸਿਮਰਨ ਵਾਲਿਆਂ ਨੂੰ ਮੌਤ ਰੂਪੀ ਬਿੱਲੀ ਇੰਜ ਲਿਜਾਂਦੀ ਹੈ, ਜਿਵੇਂ ਆਪਣੇ ਬੱਚੇ ਨੂੰ ਚੁੱਕਦੀ ਹੈ, ਪਰ ਹਉਮੈ ਵਾਲਿਆਂ ਨੂੰ ਚੂਹੇ ਦੀ ਤਰ੍ਹਾਂ ਫੜਦੀ ਹੈ । ਸੋ, ਜੀਵਨ ਵਿੱਚ ਵੱਡੇ ਹੋ ਕੇ ਵੀ ਨਿਮਰਤਾ ਦਾ ਪੱਲਾ ਕਦੇ ਨਹੀਂ ਛੱਡਣਾ ਚਾਹੀਦਾ । ਗੁਰਦੇਵ ਦਾ ਪਾਵਨ ਕਥਨ ਹੈ :

**ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ ॥ ਮਲਾਰ ਕੀ ਵਾਰ (ਮ: ੧) ਅੰਗ ੧੨੮੬**

**ਧੰਨਵਾਦਿ ਸਹਿਤ :- ਜੀਵਨ ਪ੍ਰਕਾਸ਼ ਵਿਚੋਂ**


# ਗਤੀਵਿਧੀਆਂ

**ਜੀਵਨ ਜੁਗਤਿ ਸਮਾਗਮ ਅੰਮ੍ਰਿਤਸਰ ਸਾਹਿਬ :-** ਸ਼ਬਦ ਕੀਰਤਨ ਨਾਮ ਸਿਮਰਨ ਸਤਿਸੰਗ ,ਸ੍ਰੀ ਅੰਮ੍ਰਿਤਸਰ ਸੰਸਥਾ ਮੈਨੇਜਰ ਸ੍ਰੀ ਦਰਬਾਰ ਸਾਹਿਬ ,ਸ੍ਰੀ ਅੰਮ੍ਰਿਤਸਰ ਦੇ ਸਹਿਯੋਗ ਨਾਲ ਹਰ ਸਾਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਜੀਵਨ ਜੁਗਤਿ ਸਮਾਗਮਾਂ ਦੀ ਲੜੀ ਅੰਮ੍ਰਿਤਸਰ ਸਾਹਿਬ ਦੇ ਵੱਖ ਵੱਖ ਗੁਰਦੁਆਰਿਆਂ ਵਿੱਚ ਕਰਦੇ ਹਨ ਅਤੇ ਪੰਥ ਦੇ ਮਹਾਨ ਕੀਰਤਨੀਏ ਅਤੇ ਕਥਾ ਵਾਚਕ ਇਸ ਵਿੱਚ ਹਾਜ਼ਰੀ ਲਗਾਉਂਦੇ ਹਨ।ਹਰ ਸਾਲ ਦੀ ਤਰਾਂ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਨੂੰ ਇਸ ਸਮਾਗਮ ਵਿੱਚ ਹਾਜ਼ਰੀ ਭਰਨ ਦਾ ਸਮਾਂ ਪ੍ਰਾਪਤ ਹੋਇਆ ਮਿਤੀ 16-08-2016 (ਮੰਗਲਵਾਰ) ਸ਼ਾਮ ਨੂੰ ਇਸ ਲੜੀ ਅਨੁਸਾਰ ਸਮਾਗਮ ਗੁਰਦੁਆਰਾ ਸਾਹਿਬ ਸ੍ਰੀ ਰਾਮਸਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅਤੇ ਮਿਤੀ 17-08-2016 (ਬੁੱਧਵਾਰ) ਸਵੇਰੇ ਗੁਰਦੁਆਰਾ ਸਾਧ ਸੰਗਤ ਗਲੀ ਨੰ.੭ ਕੋਟ ਬਾਬਾ ਦੀਪ ਸਿੰਘ ਸਾਹਮਣੇ ਗੁਰੁ ਰਾਮ ਦਾਸ ਹਸਪਤਾਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ ਜਿਸ ਵਿੱਚ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਨੇ ਕਥਾ ਰਾਹੀ ਸੇਵਾ ਨਿਭਾਈ ਅਤੇ ਸ.ਬਲਵਿੰਦਰ ਸਿੰਘ 'ਸਾਗਰ' ਜੀ ਨੇ ਕੀਰਤਨ ਰਾਹੀ ਸੇਵਾ ਨਿਭਾਈ। ਪ੍ਰਬੰਧਕਾ ਨੇ ਇਸ ਮੌਕੇ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਤੇ ਸ.ਬਲਵਿੰਦਰ ਸਿੰਘ ਜੀ 'ਸਾਗਰ' ਨੂੰ ਸਨਮਾਨਿਤ ਕੀਤਾ ਅਤੇ ਸੋਸਾਇਟੀ ਦਾ ਵਿਸ਼ੇਸ਼ ਤੌਰ ਤੇ ਧੰਨਵਾਦਿ ਕੀਤਾ ਤੇ ਕਿਹਾ ਇਹ ਜੀਵਨ ਜੁਗਤਿ ਸਮਾਗਮਾਂ ਦੀ ਲੜੀ ਸੋਸਾਇਟੀ ਦੀ ਦੇਣ ਹੈ ।







**ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਅਖੰਡ ਕੀਰਤਨ ਸਮਾਗਮ :-**

ਧੰਨਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਵਲੋਂ ਅਖੰਡ ਕੀਰਤਨ ਸਮਾਗਮ ਮਿਤੀ 20-08-2016 ਦਿਨ ਸ਼ਨੀਵਾਰ ਸ਼ਾਮ 6.30 ਵਜੇ ਤੋਂ 9.00 ਤੱਕ ਗੁਰਮਤਿ ਪ੍ਰਸਾਰ ਭਵਨ ਵਿਖੇ ਕੀਤੇ ਗਏ । ਸਮਾਪਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ।





## ਸਤੰਬਰ ਮਹੀਨੇ ਦੇ ਸਮਾਗਮ:-

**ਨਾਨਕਸ਼ਾਹੀ ਜੰਤਰੀ ਅਨੁਸਾਰ ਅਸੂ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ :-**

ਨਾਨਕਸ਼ਾਹੀ ਜੰਤਰੀ ਅਨੁਸਾਰ ਅਸੂ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 16-09-2016 ਦਿਨ ਸ਼ੁੱਕਰਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ ਦੇ ਵਿਸ਼ੇ "ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥" ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ। ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ ।

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਅਗਸਤ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 86 | 178 | 264 |
| 2 | Eye | 17 | 15 | 32 |
| 3 | Cardiology | 05 | 39 | 44 |
| 4 | Dental | 31 | 107 | 138 |
| 5 | Gynaecology | 19 | 34 | 53 |
| 6 | Homoeopathy | 17 | 142 | 159 |
| 7 | Physiotherapy | 07 | 20 | 27 |
| | Total | 182 | 535 | 717 |
| | Laboratory | 68 | - | 68 |

## ਧੰਨਵਾਦਿ :

### ਅਗਸਤ 2016 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:–

1. S. Tarninder Singh #246/Sec.- 9/Chd 40,000/-
2. S. C.S. Khuman #1390/Sec.- 33C/Chd 60,000/-
3. Bibi Harbans Kaur #1443/Sec.- 34C/Chd 500/-
4. Bibi Harsharan Kaur Sethi #1440/34C/Chd 500/-
5. Col. H.S Uppal #306/Sec.- 33A/Chd 40,000/-
6. Dr. Kuldip Singh #1999/Phase -X/Mohali 10,000/-
7. S. Narinder Bir Singh #1444/34C/Chd 2,000/-
8. Bibi Harsharan Kaur #1109/ Sec.- 36C/Chd 20,000/-
9. Bibi Surjit Kaur #1444/Sec.- 34C/Chd 2,000/-
10. S. Nirmal Singh/ #892/L.I.C. ColonyM.Kharar 1,030/-
11. All Indian Sikh Federation(Regd.) Lajpat Nagar IV New Delhi 21,000/-
12. Vijay Kumar # 111/Ram Darbar/Phase-I/Chd. 100/-
13. Bibi Paramjit Kaur #2179/Sec.- 63/Chd 100/-
14. Bibi Rajleen Kaur #836/Phase II/Mohali 500/-
15. Bibi. Harleen Kaur Sarna #107G, Shivalik Vihar Naya Goan, Mohali 500/-
16. Bibi Harpreet Kaur #461/Sec 44A/Chd 500/-
17. S. Harsharnpal Singh Bhatia#461/44A/Chd 500/-
18. Bibi Gurdeep Kaur #461/Sec 44A/Chd 500/-
19. S. Gursewak Singh/Mundi Kharar 50/-
20. S. Lakhwinder Singh/L.I.C. Colony 251/-
21. Bibi Harmeet Kaur/L.I.C. Colony 100/-
22. S. Amarjit Singh/L.I.C. Colony 100/-
23. S. Arbh Singh/L.I.C. Colony 100/-
24. S. Harbhagat Singh #520C//L.I.C. Colony 100/-
25. Bibi Dalbir Kaur/Chhajju Majra/Mundi Kharar 100/-
26. S. Lavi Singh/L.I.C. Colony 100/-
27. S. Gursagar Singh/ Mundi Kharar 100/-
28. S. HarjinderSingh/L.I.C. Colony 100/-
29. Bibi Manjit Kaur Bindra #1655/Sec.34D/Chd 500/-
30. S. Tarninder Singh #246/Sec.- 9/Chd 35,000/-
31. Bibi Daljit Kaur Gakhar #1600/Sec34D/Chd 10,000/-
32. Mata Gian Kaur Ji#179B/Sunny Encl./Kharar 1,500/-
33. Capt. Parmatam Singh #1218/Sec.33C/ Chd 100/-
34. S. Kuldip Singh # 1541/Sector -69/Mohali 20,000/-
35. Bibi Jasbir Kaur/Kothi No. 100/Ph3BI/Mohali 15,000/-
36. Bibi Surinder Kaur #87/Phase-3BI/Mohali 10,000/-
37. S. Daljeet Singh #474/Phase-3BI/Mohali 1,100/-
38. Dr. Jagjeet Singh #25/Phase-7/Mohali 2,000/-
39. S. Deep Singh #2978/Phase-7/Mohali 2,000/-
40. S. Prem Singh Premi c/o HM 74Phase-3BI/Mohali 5,000/-
41. Dr. Saranjit Singh #2817/Phase-7/Mohali 2,000/-
42. Bibi Manmohan Kaur/Kothi No. 941/Ph-4 20,000/-
43. Atam Science Trust #A-1, Kalindi Colony/ New Delhi 15,000/-
44. S. Darbaaz Singh/ Model Town/ M. Kharar 500/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।